# ਅੰਮ੍ਰਿਤ ਕੀਰਤਨ

ਅੰਕ 8 ਸਾਲ ਤੀਜਾ ਅਗਸਤ 1991

ਗੁਰਦੁਆਰਾ ਸਾਚਾ ਧਨ ਸਾਹਿਬ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ
ਕੀਰਤਨ-ਕਲਾਸ ਦੇ ਵਿਦਿਆਰਥੀ ਕੀਰਤਨ ਕਰਦੇ ਹੋਏ



ਕੀਰਤਨ ਕਲਾਸ ਦੇ ਅਧਿਆਪਕ ਸ੍ਰ. ਹਰਿਭਜਨ ਸਿੰਘ (ਖੜੇ ਹੋਏ) ਅਤੇ
ਸ੍ਰ. ਉੱਤਮ ਸਿੰਘ ਜੀ (ਬੈਠੇ ਹੋਏ) ਨਜ਼ਰ ਆ ਰਹੇ ਹਨ।

ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਅੰਕ 8 ਸਾਲ ਤੀਜਾ ਅਗਸਤ 1991

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿੱਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**

ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 300 ਰੁਪਏ
ਜੀਵਨ ਮੈਂਬਰ 3000 ਰੁਪਏ

**ਵਿਸ਼ਾ** **ਪੰਨਾ**

1. ਤੁਹਾਡੇ ਪੱਤਰ 4
2. ਗੁਰੂ ਕਾਵਿ ਦੀ ਕਾਵਿਕ ਤੇ ਸੰਗੀਤਕ ਪਿੱਠ-ਭੂਮੀ
—ਡਾ. ਜਗੀਰ ਸਿੰਘ 5
3. ਕਿਵ ਕੂੜੈ ਤੁਟੈ ਪਾਲਿ
—ਪ੍ਰਿੰ. ਸਾਹਿਬ ਸਿੰਘ ਜੀ 11
4. ਆਸਾ ਦੀ ਵਾਰ ਦਾ ਲੜੀਵਾਰ ਵੀਚਾਰ
—ਪ੍ਰੇਮ ਸਿੰਘ ਪ੍ਰੇਮ 14
5. ਹਰਿਮੰਦਰ ਸਾਹਿਬ ਤੋਂ ਕੀਰਤਨ
—ਗਿਆਨੀ ਬਚਿੱਤਰ ਸਿੰਘ ਐਡਵੋਕੇਟ 17
6. ਗੁਰਮਤਿ ਸੰਗੀਤ ਅਤੇ ਗੁਰਬਾਣੀ ਕੀਰਤਨ
—ਡਾ. ਕੁਲਦੀਪ ਸਿੰਘ ਧੀਰ 20
7. ਸ਼ਬਦ-ਸੁਰ ਲਿਪੀ ਰਾਗ ਸਾਰੰਗ
—ਸ੍ਰ. ਉੱਤਮ ਸਿੰਘ 26
8. ਬ੍ਰਹਮ ਗਿਆਨੀ ਭਾਈ ਮਰਦਾਨਾ ਜੀ
—ਡਾ. ਜੀਤ ਸਿੰਘ ਜੀ ਸੀਤਲ 28

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

# ਤੁਹਾਡੇ ਪੱਤਰ

ਆਪ ਵੱਲੋਂ ਆਰੰਭਿਆ ਸੰਗੀਤ ਕਲਾ ਬਾਰੇ ਵਿਸ਼ੇਸ਼ ਜਾਣਕਾਰੀ ਪ੍ਰਦਾਨ ਕਰਨ ਵਾਲਾ ਮਾਸਿਕ ਪੱਤਰ 'ਅੰਮ੍ਰਿਤ ਕੀਰਤਨ' ਲਗਾਤਾਰ ਮਿਲ ਰਿਹਾ ਹੈ। ਧੰਨਵਾਦੀ ਹਾਂ।

ਇਸ ਵਾਰ ਜੂਨ 1991 ਵਿਚ ਦਿੱਤੇ ਸਾਰੇ ਲੇਖ ਹੀ ਪੜ੍ਹਨ ਤੇ ਮਾਨਣ ਯੋਗ ਹਨ। ਤੁਹਾਡਾ ਮੁੱਖ ਲੇਖ 'ਗੁਰੂ ਕਾਵਿ ਦੀ ਕਾਵਿਕ ਤੇ ਸੰਗੀਤਕ ਪਿੱਠ-ਭੂਮੀ' ਕੀਰਤਨ ਦੇ ਖੋਜੀਆਂ ਲਈ ਲੜਾ ਲਾਭਵੰਦ ਹੈ। ਪਿਆਰੇ ਸ੍ਰ. ਪ੍ਰੇਮ ਸਿੰਘ 'ਪ੍ਰੇਮ' ਹੋਰਾਂ ਵੱਲੋਂ 'ਆਸਾ ਦੀ ਵਾਰ ਦੀ ਵਿਚਾਰ' ਗੁਰਬਾਣੀ ਪ੍ਰੇਮੀਆਂ ਲਈ ਵਿਸ਼ੇਸ਼ ਅਸਥਾਨ ਰੱਖਦੀ ਹੈ। ਇਸ ਪਰਚੇ ਦੇ ਦੋ ਹੋਰ ਲੇਖ "ਸਿਖ ਵੀਰ" (Singh Bandhu) ਤੇ ਉਸਤਾਦ ਮਹਿੰਗਾ ਸਿੰਘ ਵਿਚਾਰ ਅਧੀਨ ਹਨ। ਮਨਰਾਜ ਗਰੇਵਾਲ ਨੇ "ਸਿੰਘ ਬੰਧੂਆਂ" ਬਾਰੇ ਬੜੀ ਵਧੀਆ ਜਾਣਕਾਰੀ ਪਾਠਕਾਂ ਨੂੰ ਦਿੱਤੀ ਹੈ ਆਮ ਸੰਗਤਾਂ ਨੂੰ ਨਹੀਂ ਸੀ ਪਤਾ ਕਿ "ਸਿੰਘ ਬੰਧੂਆਂ" ਨੇ ਜੀਵਨ ਵਿਚ ਇੰਨਾ ਸੰਘਰਸ਼ ਕੀਤਾ ਹੈ। ਉਨ੍ਹਾਂ ਦੇ ਦਾਦਾ ਜੀ ਇੰਜੀਨੀਅਰ ਹਨ। ਪਰਿਵਾਰ ਨਹੀਂ ਸੀ ਚਾਹੁੰਦਾ ਕਿ ਉਨ੍ਹਾਂ ਦੇ ਹੋਣਹਾਰ ਬੇਟੇ ਤੇਜਪਾਲ ਸਿੰਘ ਤੇ ਸੁਰਿੰਦਰ ਸਿੰਘ ਸੰਗੀਤ ਵਾਲੇ ਪਾਸੇ ਜਾਣ, ਪਰ ਚੂੰਕਿ ਸੰਗੀਤ-ਕਲਾ ਕੁਦਰਤੀ ਦੇਣ ਹੈ, ਹਰ ਵਿਅਕਤੀ ਨਾ ਇਸ ਨੂੰ ਮਾਣ ਸਕਦਾ ਹੈ ਨਾ ਹੀ ਸੰਗੀਤਕਾਰ ਹੋ ਸਕਦਾ ਹੈ। ਸੋ ਉਨ੍ਹਾਂ ਨੇ ਇਹ ਕਿੱਤਾ ਅਪਣਾਇਆ। ਰਾਹ ਵਿਚ ਲੱਖ ਔਕੜਾਂ ਆਈਆਂ ਪਰ ਬਾਹਰ ਵਾਲਿਆਂ ਦੀਆਂ ਰੁਕਾਵਟਾਂ ਦੇ ਬਾਵਜੂਦ ਉਨ੍ਹਾਂ ਆਪਣਾ ਚੁਣਿਆ ਕਿੱਤਾ ਨਾ ਛੱਡਿਆ। ਵਕਤੀ ਤੌਰ ਤੇ ਉਨ੍ਹਾਂ ਘਰ ਵਾਲਿਆਂ ਦੇ ਜ਼ੋਰ ਦੇਣ ਤੇ ਨੌਕਰੀ ਕਰ ਲਈ, ਪਰ ਜਦੋਂ ਮਨ ਵਿੱਚ ਉਬਾਲ ਆਇਆ, ਉਨ੍ਹਾਂ ਨੌਕਰੀ ਤਿਆਗ ਸੰਗੀਤ ਨੂੰ ਅਪਣਾ ਲਿਆ। ਅੱਜ 'ਸਿੰਘ ਬੰਧੂਆਂ" ਦੀ ਦੇਸ਼ ਵਿਦੇਸ਼ ਹਰ ਥਾਂ ਚਰਚਾ ਹੈ। ਉਨ੍ਹਾਂ ਦੀ ਮਹਾਨ ਦੇਣ ਭੁਲਾਈ ਨਹੀਂ ਜਾ ਸਕਦੀ।

ਉਸਤਾਦ ਮਹਿੰਗਾ ਸਿੰਘ ਤਬਲਾ ਵਾਦਕ ਨੇ ਯਤੀਮਖਾਨੇ ਵਿੱਚ ਪਲ ਕੇ ਆਪਣੀ ਮਿਹਨਤ ਤੇ ਲਗਨ ਨਾਲ ਆਪਣੀ ਵਿਸ਼ੇਸ਼ ਥਾਂ ਬਣਾ ਲਈ। ਨਿਰੀ ਤਬਲੇ ਦੀ ਵੀਹ ਰੁਪਏ ਮਾਸਿਕ ਤਨਖਾਹ ਤੇ ਪ੍ਰੀਵਾਰ ਦੀ ਗੁਜ਼ਰਾਨ ਨਹੀਂ ਸੀ ਹੋ ਸਕਦੀ। ਸੋ ਉਨ੍ਹਾਂ ਨੇ ਵਿਹਲੇ ਸਮੇਂ ਕੁਰਸੀਆਂ ਤੇ ਮੰਜੀਆਂ ਦੀ ਬੁਣਾਈ ਵੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੂੰ ਤਬਲੇ ਦੀ ਕਲਾਸ ਵੀ ਲਾਉਣੀ ਪੈਂਦੀ ਤੇ ਸਿੱਖ ਮਿਸ਼ਨਰੀ ਕਾਲਜ ਦੀ ਨੌਕਰੀ ਵੀ। ਪੁਰਾਤਨ ਕੀਰਤਨੀਏ ਤੇ ਤਬਲਾ ਵਾਦਕਾਂ ਵਾਂਗ ਹੀ ਉਹ ਪੂਰਨ ਗੁਰਸਿੱਖ ਤੇ ਦੀਨ ਦੁਨੀਆਂ ਤੇ ਗਰੀਬ ਲੋਕਾਂ ਬਾਰੇ ਸੀਨੇ ਵਿੱਚ ਦਰਦ ਰੱਖਣ ਵਾਲੇ ਕਲਾਕਾਰ ਹਨ।

'ਅੰਮ੍ਰਿਤ ਕੀਰਤਨ' ਇਹਨਾਂ ਮਹਾਨ ਵਿਅਕਤੀਆਂ ਦੀ ਜਾਣਕਾਰੀ ਦੇ ਕੇ ਇਹ ਗੁੰਮ ਹੁੰਦੀ ਜਾ ਰਹੀ ਪੁਰਾਤਨ ਪਰੰਪਰਾ ਨੂੰ ਮੁੜ ਸੰਜੀਵ ਕਰ ਰਿਹਾ ਹੈ, ਇਸ ਲਈ ਤੁਸੀਂ ਵਧਾਈ ਦੇ ਪਾਤਰ ਹੋ। "ਅੰਮ੍ਰਿਤ ਕੀਰਤਨ" ਦੀ ਸਫਲਤਾ ਦੀ ਕਾਮਨਾ ਕਰਦਾ ਹੋਇਆ ਤੁਹਾਡਾ ਪ੍ਰੀਤਵਾਨ —ਪਿਆਰਾ ਸਿੰਘ ਦਾਤਾ। □

# ਗੁਰੂ ਕਾਵਿ ਦੀ ਕਾਵਿਕ ਤੇ ਸੰਗੀਤਕ ਪਿੱਠ-ਭੂਮੀ

—ਡਾ. ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ)

ਰਾਗ-ਰਾਗਣੀ ਵਰਗੀਕਰਣ ਦੀ ਇਸ ਪਧਤੀ ਦਾ ਪ੍ਰਯੋਗ ਪਹਿਲੀ ਵਾਰ 'ਸੰਗੀਤ ਮਕਰੰਦ' ਨਾਮਕ ਗ੍ਰੰਥ ਵਿਚ ਹੋਇਆ ਹੈ। ਇਹ ਗ੍ਰੰਥ ਅੱਠਵੀਂ ਸਦੀ ਵਿਚ ਨਾਰਦ ਨੇ ਲਿਖਿਆ ਸੀ। ਵਿਦਵਾਨਾਂ ਦਾ ਵਿਚਾਰ ਹੈ ਕਿ ਅੱਠਵੀਂ ਜਾਂ ਨੌਵੀਂ ਸਦੀ ਤਕ ਰਾਗ ਅਤੇ ਉਸ ਦੇ ਸੁਰਾਂ ਸੰਬੰਧੀ ਇੰਨੀ ਖੋਜ ਹੋ ਚੁੱਕੀ ਸੀ ਕਿ ਸੰਗੀਤ ਅਚਾਰੀਆਂ ਨੇ ਰਾਗ ਅਤੇ ਉਸ ਦੇ ਸੁਰਾਂ ਦੇ ਸੁਭਾਅ ਅਤੇ ਪ੍ਰਕ੍ਰਿਤੀ ਦਾ ਵਿਸ਼ਲੇਸ਼ਣ ਕਰਕੇ ਉਹਨਾਂ ਦੇ ਪ੍ਰਯੋਗ ਸੰਬੰਧੀ ਸ਼ੋਧ-ਕਾਰਜ ਸੰਪੂਰਨ ਕਰ ਲਿਆ ਸੀ। ਮਤੰਗ ਨੂੰ ਗ੍ਰਾਮ ਰਾਗਾਂ ਵਿੱਚ ਪੁਰਸ਼ ਤੱਤ ਅਤੇ ਦੇਸੀ ਰਾਗਾਂ ਵਿੱਚ ਨਾਰੀ ਤੱਤ ਦੀ ਝਲਕ ਦਿਸੀ। ਇਸ ਲਈ ਉਹਨਾਂ ਨੂੰ ਪੁਰਸ਼ ਅਤੇ ਇਸਤਰੀ ਰਾਗ ਕਿਹਾ ਜਾਣ ਲੱਗ ਪਿਆ। ਜਿਹਨਾਂ ਰਾਗਾਂ ਵਿਚ ਇਹ ਨਿਖੇੜਾ ਸਪੱਸ਼ਟ ਨਹੀਂ ਹੋਇਆ, ਉਹਨਾਂ ਨੂੰ ਨਪੁੰਸਕ ਰਾਗ ਕਿਹਾ ਗਿਆ ਅਤੇ 14 ਨਿਪੁੰਸਕ ਰਾਗਾਂ ਦਾ ਸੰਕੇਤ ਮਿਲਦਾ ਹੈ।[1] ਇਸੇ ਪ੍ਰਥਾ ਨੇ ਬਾਅਦ ਵਿੱਚ ਰਾਗ ਧਾਰਨ ਕਰ ਲਿਆ। 1540 ਈ: ਵਿੱਚ ਮਲਿਕ ਮੁਹੰਮਦ ਜਾਯਸੀ ਨੇ ਆਪਣੇ ਪ੍ਰਸਿੱਧ ਗ੍ਰੰਥ 'ਪਦਮਾਵਤ' ਵਿੱਚ 528 ਈ: ਸਪਤਪਦੀ ਵਿੱਚ ਇਕ ਰਾਗਮਾਲਾ ਲਿਖੀ ਹੈ, ਜਿਸ ਵਿੱਚ ਪਹਿਲਾ ਰਾਗ ਭੈਰਵ, ਦੂਜਾ ਮਾਲਕੋਸ, ਤੀਜਾ ਹਿੰਡੋਲ, ਚੌਥਾ ਮੇਘ, ਪੰਜਵਾਂ ਸਿਰੀ, ਛੇਵਾਂ ਦੀਪਕ ਰਾਗ ਹੈ। ਇਸ ਰਾਗਮਾਲਾ ਵਿੱਚ ਕੁੱਲ 36 ਰਾਗਣੀਆਂ ਦਾ ਉਲੇਖ ਹੈ। ਪਰ ਰਾਗਾਂ ਦੇ ਨਾਂ ਅਤੇ ਰਾਗ-ਪੁੱਤਰਾਂ ਆਦਿ ਦਾ ਕੋਈ ਜ਼ਿਕਰ ਨਹੀਂ ਹੈ।[2]

1556 ਈ: ਵਿੱਚ ਪੁੰਡਰੀਕ ਨੇ ਪਹਿਲਾਂ ਛੇ ਮੁੱਖ ਰਾਗ, ਪੰਜ ਪੰਜ ਪਤਨੀਆਂ ਅਤੇ ਪੰਜ ਪੰਜ ਪੁੱਤਰਾਂ ਦਾ ਵਿਵਰਣ ਦਿੰਦਿਆਂ ਇਕ ਰਾਗਮਾਲਾ ਲਿਖੀ ਹੈ।[3] ਇਸ ਦਾ ਵੇਰਵਾ ਇਸ ਤਰ੍ਹਾਂ ਹੈ :

### (1) ਸ਼ੁਧ ਭੈਰਵ

ਰਾਗਣੀਆਂ—ਧੰਨਾਸੀ, ਭੈਰਵੀ, ਸੈਂਧਵੀ, ਮਾਰਵੀ, ਆਸਾਵਰੀ

ਰਾਗ ਪੁੱਤਰ—ਭੈਰਵ, ਸ਼ੁਧ ਲਲਿਤ, ਪੰਚਮ, ਪਰਜ, ਬੰਗਾਲ

**ਭੈਰਵ**

ਭੈਰਵੀ, ਗੁਰਜਰੀ, ਰਾਮਕਲੀ, ਗੁਣਕਿਰੀ, ਬੰਗਾਲੀ, ਸੈਂਧਵੀ

**ਪੰਚਮ**

ਵਿਭਾਸਾ, ਭੂਪਾਲੀ, ਕਰਨਾਟੀ, ਵਡਹਿੰਸਕਾ, ਮਾਲਵੀ ਪਟਮੰਜਰੀ

**ਮੇਘ**

ਮਲਾਰੀ, ਸੋਰਟੀ, ਸਾਵੇਰੀ, ਕੋਸ਼ਿਕੀ, ਗਾਂਧਾਰੀ, ਹਰ ਸਿੰਗਾਰ

**ਵ੍ਰਿਹੰਨਾਟ**

ਕਾਮੋਦੀ, ਕਲਿਆਣੀ, ਆਭੀਰੀ, ਨਾਟਕਾ, ਸਾਰੰਗੀ, ਨਾਟਿਕਾ ਸਾਰੰਗੀ ਨਟ ਹੰਬੀਰਾ। ਸ੍ਰੀ ਓ. ਸੀ, ਗਾਂਗੁਲੀ ਨੇ ਕਲੀਨਾਥ ਮਤ ਦੇ ਰਾਗਾਂ ਦਾ ਵਰਗੀਕਰਣ ਇਸ ਤਰ੍ਹਾਂ ਦਿੱਤਾ ਹੈ :

**ਸ੍ਰੀ ਰਾਗ**—ਗੌਰੀ, ਕੋਲਾਹਲ, ਧਵਲਾ, ਵਰੋਰਾਸੀ, ਮਾਲਕੋਸ, ਦੇਵ ਗੰਧਾਰ।

**ਪੰਚਮ**—ਤ੍ਰਿਵੇਣੀ, ਸਤੰਭਤੀ ਰਥਕਾ, ਖਮਾਇਚ, ਆਭੀਰੀ, ਕੁਕੁਭ, ਵਰਾਰੀ, ਆਸਾਵਰੀ।

**ਭੈਰਵ**—ਭੈਰਵੀ, ਗੁਜਰੀ, ਵੇਲਾਵਲੀ, ਵਿਹਾਗ, ਕਰਨਾਟ, ਕਾਨੜਾ।

**ਮੇਘ**—ਬੰਗਾਲੀ, ਮਧੁਰਾ, ਕਾਮੋਦੀ, ਧਨਾਸਰੀ, ਦੇਵ ਤੀਰਥੀ, ਦਿਵਾਲੀ।

**ਨਟ ਨਰਾਇਣ**—ਤ੍ਰਵੰਕੀ, ਤੇਲੰਗੀ, ਪੂਰਵੀ, ਗਾਂਧਾਰੀ, ਰਾਮ, ਸਿਧਮਲਾਰੀ।

**ਬਸੰਤ**—ਆਂਧਾਲੀ, ਮੁਨਕਲੀ, ਪਟਮੰਜਰੀ, ਗੁੰਡਗਿਰੀ, ਟੰਕਾ, ਦੇਵਸਾਰੀ।

ਭਰਤ ਦੇ ਨਾਂ ਤੇ ਜਿਹੜਾ ਮਤ ਪ੍ਰਚਲਤ ਹੈ ਉਸ ਦੇ ਅਨੁਸਾਰ ਛੇ ਰਾਗ ਅਤੇ ਹਰੇਕ ਰਾਗ ਦੀਆਂ ਪੰਜ ਰਾਗਣੀਆਂ ਅਤੇ ਪੰਜ ਪੁੱਤਰ ਹਨ[4] :

**ਭੈਰਵ**—ਰਗਣੀਆਂ—ਮਾਧਵੀ, ਭੈਰਵੀ, ਬੰਗਾਲੀ, ਬੈਰਾੜੀ, ਸੈਂਧਣੀ।
ਰਾਗ ਪੁੱਤਰ—ਬਿਲਾਵਲ, ਪੰਚਮ, ਦੇਵ ਸਾਖਯ, ਦੇਵ ਗੰਧਾਰ, ਵਿਭਾਸ।
ਨੂੰਹਾਂ—ਰਾਮਕਲੀ, ਸੂਹਾਈ, ਸੁਘਰਈ, ਪਟਮੰਜਰੀ, ਤੋੜੀ।

**ਮਾਲਕੋਸ**—ਰਾਗਣੀਆਂ—ਗੁਣਕਲੀ, ਖੰਭਾਤੀ ਗੁਰਜਰੀ, ਭੁਪਾਲੀ, ਗੋੜੀ।
ਪੁੱਤਰ—ਸੋਮ, ਪਰਾਮੁਨ, ਵਡਹੰਸ, ਕੁਕੁਭ, ਬੰਗਾਲੀ।
ਨੂੰਹਾਂ—ਸੂਰਠੀ, ਤ੍ਰਿਵੇਣੀ, ਕਰਨਾਟੀ, ਆਸਾਵਰੀ, ਗੌਰਗਿਰੀ।

**ਹਿੰਡੋਲ**—ਰਾਗਣੀਆਂ—ਵੇਲਾਵਲੀ, ਦੇਸਾਖੀ, ਲਲਿਤਾ, ਭੀਮਪਲਾਸੀ, ਮਾਲਵੀ।
ਪੁੱਤਰ—ਹਿਖਵਹੰਸ, ਵਸੰਤ, ਲੋਕਹਾਸ, ਗੰਧਰਵ, ਲਲਿਤ।
ਨੂੰਹਾਂ—ਕੇਦਾਰ, ਕਾਮੋਦੀ, ਵਿਹਾਗੜਾ, ਕਾਫੀ, ਪਰਜ।

**ਦੀਪਕ**—ਰਾਗਣੀਆਂ—ਨਟ, ਮਲਾਰੀ, ਕੇਦਾਰੀ, ਕਾਨਰਾ, ਭਾਰਿਕਾ।
ਪੁੱਤਰ—ਸੁਧ ਕਲਿਆਣ, ਸੋਰਠ, ਦੇਸ਼ਕਾਰ, ਹਮੀਰ, ਮਾਰੂਰ।
ਨੂੰਹਾਂ—ਵਡਹੰਸ, ਦੇਸ਼ ਵਰਾਟੀ, ਵੈਰਾਟੀ, ਦੇਵਗਿਰੀ, ਸਿਧਵੀ।

**ਸ੍ਰੀ ਰਾਗ**—ਰਾਗਣੀਆਂ—ਬਾਸੰਤੀ, ਮਾਲਵੀ, ਮਾਲਸ੍ਰੀ, ਸਾਹਾਨਾ, ਧਨਾਸਰੀ।
ਪੁੱਤਰ—ਨਟ, ਛਾਯਾਨਟ, ਕਾਨੜਾ, ਈਮਨ, ਸ਼ੰਕਰਾਭਰਣ।
ਨੂੰਹਾਂ—ਸ਼ਯਾਮ, ਪੂਰੀਆ, ਗੁਰਜਰੀ, ਹਮੀਰੀ, ਅੜਾਨਾ।

**ਮੇਘ ਰਾਗ**—ਰਾਗਣੀਆਂ—ਸਾਰੰਗ, ਵੰਕਾ, ਗੰਧਰਵ, ਮਲਾਰੀ, ਮੁਲਤਾਨੀ।
ਪੁੱਤਰ—ਬਹਾਦੁਰੀ, ਨਟਨਰਾਇਣ, ਮਾਲਵਾ, ਜਯਤਿ, ਕਾਮੋਦ।
ਨੂੰਹਾਂ—ਪਹਾੜੀ, ਜਯੰਤੀ, ਗੰਧਾਰੀ, ਪੂਰਵੀ, ਜੈਜਾਵੰਤੀ।

ਹਨੂਮੰਤ ਮਤ ਦੇ ਸੰਗੀਤ ਦਰਪਣ[5] ਵਿਚ ਹੇਠ ਲਿਖੇ ਅਨੁਸਾਰ ਵੇਰਵਾ ਦਿੱਤਾ ਹੈ :

**ਭੈਰਵ**—ਰਾਗਣੀਆਂ—ਮਧਯਮਾਦਿ, ਭੈਰਵੀ, ਬੰਗਾਲੀ, ਵਰਾਟੀ, ਸੈਂਧਵੀ।

**ਹਿੰਡੋਲ**—ਰਾਗਣੀਆਂ—ਬੇਲਾਵਲੀ, ਰਾਮਕਿਰਗੁ, ਦੇਸ਼ਖਯ, ਪਟਮੰਜਰੀ, ਲਲਿਤਾ।

**ਕੌਸ਼ਕ**—ਰਾਗਣੀਆਂ—ਟੋਡੀ, ਖੰਭਾਵਤੀ, ਗੌਰੀ, ਗੁਣਕੀ, ਕੁਕੁਭਾ।

**ਦੀਪਕ**—ਰਾਗਣੀਆਂ—ਕੇਦਾਰੀ. ਕਾਨੜਾ, ਦੇਸ਼ੀ, ਕਾਮੋਦੀ, ਨਾਟਿਕਾ।

**ਸ੍ਰੀ ਰਾਗ**—ਰਾਗਣੀਆਂ—ਵਾਸੰਤੀ, ਮਾਲਵੀ, ਮਾਲਸ੍ਰੀ, ਧੰਨਾਸਿਕਾ, ਆਸਾਵਰੀ।

**ਮੇਘ ਰਾਗ**—ਰਾਗਣੀਆਂ—ਮਲਾਰੇ, ਦੇਸਕਾਰੀ, ਭੂਪਾਲੀ, ਗੁਰਜਰੀ, ਟੰਕੀ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਮਾਲਾ ਵਿਚ ਰਾਗਾਂ ਦਾ ਪਤੀ, ਪਤਨੀ ਤੇ ਪੁੱਤਰ ਵਰਗੀਕਰਣ ਅਨੁਸਾਰ ਵਰਨਣ ਕੀਤਾ ਹੈ। ਇਸ ਦਾ ਵੇਰਵਾ ਇਸ ਤਰ੍ਹਾਂ ਹੈ।

**ਭੈਰਵ ਰਾਗ**—ਰਾਗਣੀਆਂ—ਭੈਰਵੀ, ਬਿਲਾਵਲੀ, ਗੰਧਾਰੀ,ਪੁਨਯਾਕੀ, ਬੰਗਾਲੀ,
ਪੁੱਤਰ—ਪੰਚਮ, ਹਰਖ, ਦਿਸਾਖ, ਬੰਗਾਲ, ਮਧੁ, ਮਾਧਵ, ਲਲਿਤ, ਬਿਲਾਵਲ।

**ਮਾਲਕੋਸ**—ਰਾਗਣੀਆਂ—ਗੌਂਡਗਿਰੀ, ਦੇਵ ਗੰਧਾਰੀ, ਗੰਧਾਰੀ, ਸੀਹੁਤੀ, ਧਨਾਸਰੀ।
ਪੁੱਤਰ—ਮਾਰੂ, ਮਸਤਾਂਗ, ਮੇਵਾਰ, ਪ੍ਰਬਲ, ਚਡਕੌਸ, ਖਉਖਟ, ਭਉਰ, ਅਨੰਦ।

**ਹਿੰਡੋਲ**—ਰਾਗਣੀਆਂ—ਤਲੰਗੀ, ਦੇਵਕਰੀ, ਬਸੰਤੀ, ਸਿੰਧੂਰੀ, ਅਹੀਰੀ।
ਪੁੱਤਰ—ਸੁਰਮਾਨੰਦ, ਭਾਸਕਰ, ਚੰਦ੍ਰਬਿੰਬ, ਮੰਗਲ, ਸਰਸਬਾਨ, ਬਿਨੋਦ, ਬਸੰਤ, ਕੋਮੰਦ।

**ਦੀਪਕ**—ਰਾਗਣੀਆਂ—ਕਛੇਲੀ, ਪਟਮੰਜਰੀ, ਟੋਡੀ, ਕਮੋਦੀ, ਗੁਜਰੀ,।
ਪੁੱਤਰ—ਕਲੰਕਾ, ਕੁੰਤਲ, ਰਾਮ, ਕਮਲ, ਕੁਸਮ, ਚੰਪਕ, ਗੋਰਾ ਕਾਨੜਾ, ਕਲਿਆਨ[6]।

**ਸ੍ਰੀ ਰਾਗ**—ਰਾਗਣੀਆਂ—ਬੈਰਾਗੀ, ਕਰਨਾਟੀ, ਗਵਰੀ, ਆਸਾਵਰੀ, ਸਿੰਧਵੀ।
ਪੁੱਤਰ—ਸਾਲੂ, ਸਾਰਗ, ਸਾਮਰਾ, ਗੌਂਡ, ਗੰਭੀਰ, ਕੁੰਭ, ਹਮੀਰ।

**ਮੇਘ ਰਾਗ**—ਰਾਗਣੀਆਂ—ਸੋਰਠ, ਗੌਂਡ, ਮਲਾਰੀ, ਆਸਾ, ਸੂਹੋ।
ਪੁੱਤਰ—ਬੈਰਾਧਰ, ਗਜਧਰ, ਕੇਦਾਰਾ, ਜਬਲੀਧਣ, ਨਟ, ਜਲਧਾਰਾ, ਸੰਕਰ, ਸਿਆਮਾ।

ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਦਾ ਬਾਕੀ ਮਤਾਂ ਦੀਆਂ ਰਾਗਮਾਲਾਵਾਂ ਨਾਲ ਆਲੋਚਨਾਤਮਕ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਇਹ ਰਾਗ-ਮਾਲਾ-ਪਰੰਪਰਾ ਦੀ ਹੀ ਇਕ ਕੜੀ ਹੈ, ਪਰ ਇਸ ਨੇ ਕਿਹੜੇ ਮਤ ਦਾ ਅਨੁਸਰਣ ਕੀਤਾ, ਇਸ ਬਾਰੇ ਕੋਈ ਸੰਕੇਤ ਨਹੀਂ ਮਿਲਦਾ।

ਪਿੱਛੇ ਦਿੱਤੇ ਮਤਾਂ ਦੀਆਂ ਰਾਗਮਾਲਾਵਾਂ ਵਿਚੋਂ ਇਹ ਪੂਰੇ ਤੌਰ ਤੇ ਕਿਸੇ ਵੀ ਰਾਗਮਾਲਾ ਨਾਲ ਨਹੀਂ ਮਿਲਦੀ। ਭਰਤਮਤ ਅਤੇ ਹਨੂਮੰਤ ਮਤ ਨਾਲ ਇਸ ਦੇ ਮੁੱਖ ਰਾਗ ਮੇਲ ਖਾਂਦੇ ਹਨ। ਪਰਿਵਾਰ ਵਿਚ ਢੇਰ ਅੰਤਰ ਹੈ। ਇਹ ਰਾਗਮਾਲਾ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਨਾਲੋਂ ਕਾਫੀ ਭਿੰਨ ਹੈ। ਇਸ ਦੀ ਗੁਰੂ ਗ੍ਰੰਥ ਸਾਹਿਬ ਵਿਚ ਹੋਂਦ ਬਾਰੇ ਵੀ ਵਾਦ-ਵਿਵਾਦ ਹੁੰਦਾ ਰਿਹਾ ਹੈ। ਸਿੰਘ ਤੇ ਉਨ੍ਹਾਂ ਦੇ ਅਨੁਆਈ ਇਸ ਰਾਗਮਾਲਾ ਨੂੰ ਗੁਰੂ ਅਰਜਨ ਦੇਵ ਜੀ ਦੀ ਕ੍ਰਿਤ ਮੰਨ ਕੇ ਇਸ ਨੂੰ ਗੁਰਬਾਣੀ ਜਿੰਨਾ ਸਤਿਕਾਰ ਦੇਣ ਦੀ ਲੋੜ ਮਹਿਸੂਸ ਕਰਦੇ ਹਨ।[7] ਪਰ ਦੂਸਰੇ ਪਾਸੇ ਕੁਝ ਵਿਦਵਾਨਾਂ ਵੱਲੋਂ ਇਸ ਰਾਗਮਾਲਾ ਨੂੰ ਆਲਮ ਕਵੀ ਦੀ ਕ੍ਰਿਤ ਮੰਨ ਕੇ ਗੁਰੂ ਗ੍ਰੰਥ ਸਾਹਿਬ ਵਿਚੋਂ ਬਾਹਰ ਕੱਢਣ ਦੀ ਮੰਗ ਕੀਤੀ ਜਾਂਦੀ ਰਹੀ ਹੈ।[8] ਅਸੀਂ ਇਸ ਬਾਰੇ ਡਾ. ਸੁਰਿੰਦਰ ਸਿੰਘ ਜੀ ਕੋਹਲੀ ਦੇ ਮਤ ਨਾਲ ਸਹਿਮਤ ਹਾਂ ਕਿ ਇਹ ਰਾਗਮਾਲਾ ਗੁਰੂ ਅਰਜਨ ਦੇਵ ਜੀ ਦੀ ਰਚਨਾ ਨਹੀਂ ਹੋ ਸਕਦੀ। ਇਸ ਨੂੰ ਭਾਈ ਬੰਨੋ ਨੇ ਲਿਖਿਆ ਜਾਂ ਲਿਖਵਾਇਆ ਹੈ।[9]

ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗਮਾਲਾ ਦੀ ਹੋਂਦ ਠੀਕ ਹੈ ਜਾਂ ਗਲਤ, ਇਸ ਵਿਵਾਦ ਨੂੰ ਛੱਡ ਕੇ ਰਾਗਮਾਲਾ ਦਾ ਅਧਿਐਨ ਕੀਤਿਆਂ ਇਹ ਪਤਾ ਲਗਦਾ ਹੈ ਕਿ ਇਹ ਰਾਗਮਾਲਾ ਉਸ ਸਮੇਂ ਦੇ ਸੰਗੀਤ ਪ੍ਰਬੰਧ ਦੀ ਇਕ ਸੂਚੀ ਹੈ।

ਇਸ ਰਾਗਮਾਲਾ ਤੋਂ ਸਾਨੂੰ ਕਈ ਨਵੇਂ ਰਾਗਾਂ ਦਾ ਪਤਾ ਲਗਦਾ ਹੈ, ਜਿਵੇਂ ਪੁਨਿਆ ਕੀ, ਅਸਲੇਖੀ, ਹਰਖ, ਸੀਹੁਤੀ, ਮਸਤਾਂਗ, ਮੇਵਾਰ, ਪ੍ਰਬਲ, ਚੰਡਕੋਸ, ਖਉਖਟ, ਭਉਰ, ਅਨੰਦ, ਸਿੰਧੂਰੀ, ਅਹੀਰੀ, ਸੁਰਮਾਨੰਦ, ਭਾਸਕਰ, ਚੰਦ੍ਰਬਿੰਬ, ਮੰਗਲ, ਸਰਸਬਾਨ, ਬਿਨੋਦ, ਸਾਲੂ, ਸਾਗਰਾ, ਗੰਭੀਰ, ਗੁੰਡ, ਕੁੰਭ, ਕਛੇਲੀ, ਕਲੰਕਾ, ਕੁੰਤਲ, ਕਮਲ, ਕੁਸਮ, ਚੰਪਕ, ਗੌਰਾ, ਆਸਾ, ਬੈਰਾਧਰ, ਗਜਧਰ, ਜਲਧਾਰਾ, ਸੰਕਰ ਆਦਿ। ਇਹਨਾਂ ਰਾਗਾਂ ਦਾ ਜ਼ਿਕਰ ਸਨਾਤਨੀ ਰਾਗ ਪਰੰਪਰਾ ਵਿਚ ਨਹੀਂ ਮਿਲਦਾ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਮਾਲਾ ਦੇ ਸਾਰੇ ਰਾਗਾਂ ਦਾ ਰਾਗਮਾਲਾ ਵਿਚ ਜ਼ਿਕਰ ਨਹੀਂ ਕੀਤਾ ਗਿਆ ਹੈ।

ਰਾਗਮਾਲਾ ਵਿਚ ਗੁਰੂ ਕਾਵਿ ਦੇ ਜਿਹੜੇ ਰਾਗਾਂ ਦਾ ਉਲੇਖ ਹੋਇਆ ਹੈ, ਉਹਨਾਂ ਦੀ ਸਥਿਤੀ ਇਸ ਪ੍ਰਕਾਰ ਹੈ :—

| ਰਾਗ | ਰਾਗ ਮਾਲਾ ਵਿਚ ਸਥਾਨ |
|---|---|
| ਸਿਰੀ ਰਾਗ | ਮੁੱਖ ਪੰਜਵਾਂ ਰਾਗ |

| | |
|---|---|
| ਗਉੜੀ | ਸਿਰੀ ਰਾਗ ਦੀ ਰਾਗਣੀ |
| ਆਸਾ | ਮੇਘ ਰਾਗ ਦੀ ਰਾਗਣੀ |
| ਗੁਜਰੀ | ਦੀਪਕ ਦੀ ਰਾਗਣੀ |
| ਦੇਵ ਗੰਧਾਰੀ | ਮਾਲਕੌਂਸ ਦੀ ਰਾਗਣੀ |
| ਸੋਰਠਿ | ਮੇਘ ਰਾਗ ਦੀ ਰਾਗਣੀ |
| ਧਨਾਸਰੀ | ਮਾਲਕੌਸ ਦੀ ਰਾਗਣੀ |
| ਟੋਡੀ | ਦੀਪਕ ਦੀ ਰਾਗਣੀ |
| ਬੈਰਾੜੀ | ਸਿਰੀ ਰਾਗ ਦੀ ਰਾਗਣੀ |
| ਤਿਲੰਗ | ਹਿੰਡੋਲ ਦੀ ਰਾਗਣੀ |
| ਸੂਹੀ | ਮੇਘ ਰਾਗ ਦੀ ਰਾਗਣੀ |
| ਬਿਲਾਵਲ | ਭੈਰਵ ਦਾ ਪੁੱਤਰ |
| ਗੌਂਡ | ਸਿਰੀ ਰਾਗ ਦਾ ਪੁੱਤਰ |
| ਨਟ ਨਰਾਇਣ | ਮੇਘ ਰਾਗ ਦਾ ਪੁੱਤਰ |
| ਮਾਰੂ | ਮਾਲਕੌਸ ਰਾਗ ਦਾ ਪੁੱਤਰ |
| ਭੈਰਉ | ਮੁੱਖ ਪਹਿਲਾ ਰਾਗ |
| ਬਸੰਤ | ਹਿੰਡੋਲ ਦਾ ਪੁੱਤਰ |
| ਸਾਰੰਗ | ਸਿਰੀ ਰਾਗ ਦਾ ਪੁੱਤਰ |
| ਮਲਾਰ | ਮੇਘ ਰਾਗ ਦੀ ਰਾਗਣੀ |
| ਕਾਨੜਾ | ਦੀਪਕ ਰਾਗ ਦਾ ਪੁੱਤਰ |
| ਕਲਿਆਨ | ਦੀਪਕ ਰਾਗ ਦਾ ਪੁੱਤਰ |

ਜਿਹੜੇ ਰਾਗ ਗੁਰੂ ਕਾਵਿ ਵਿਚ ਵਰਤੇ ਗਏ ਹਨ, ਪਰ ਉਹਨਾਂ ਦਾ ਰਾਗ ਮਾਲਾ ਵਿਚ ਜ਼ਿਕਰ ਨਹੀਂ, ਉਹਨਾਂ ਦੇ ਨਾਮ ਹਨ : ਮਾਝ, ਬਿਹਾਗੜਾ, ਵਡਹੰਸ, ਜੈਤਸਰੀ, ਰਾਮ ਕਲੀ, ਮਾਲੀ ਗਉੜਾ, ਤੁਖਾਰੀ, ਪ੍ਰਭਾਤੀ ਅਤੇ ਜੈਜਾਵੰਤੀ।

ਉਪਰੋਕਤ ਅਧਿਐਨ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਗੁਰੂ ਕਵੀ ਰਾਗ ਪਰੰਪਰਾ ਦੇ ਸਨਾਤਨੀ ਪੱਖ ਤੋਂ ਭਲੀ ਭਾਂਤ ਜਾਣੂ ਸਨ, ਪਰ ਉਨ੍ਹਾਂ ਦੇ ਨਿਰੋਲ ਇਸ ਪਰੰਪਰਾ ਨੂੰ ਨਹੀਂ ਅਪਣਾਇਆ ਸਗੋਂ ਬਹੁਤ ਸਾਰੇ ਰਾਗ ਅਜਿਹੇ ਪ੍ਰਯੋਗ ਕੀਤੇ ਜਿਹੜੇ ਸਨਾਤਨੀ ਪਰੰਪਰਾ ਅਧੀਨ ਨਹੀਂ ਆਉਂਦੇ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਸਨਾਤਨੀ ਰਾਗਾਂ ਦਾ ਪ੍ਰਯੋਗ ਕੁਝ ਹੋਰ ਰਾਗਾਂ ਨੂੰ ਮਿਲਾ ਕੇ ਮਿਸ਼ਰਤ ਰੂਪ ਵਿਚ ਹੋਇਆ ਹੈ। ਰਾਗਾਂ ਦਾ ਇਹ ਮੇਲ ਗੁਰੂ ਗ੍ਰੰਥ ਸਾਹਿਬ ਦੀ ਮੌਲਿਕ ਦੇਣ ਹੈ। ਇਸ ਦੀ ਉਦਾਹਰਣ ਕਿਸੇ ਹੋਰ ਗ੍ਰੰਥ ਵਿਚ ਉਪਲਬਧ ਨਹੀਂ ਹੈ। ਰਾਗ ਮੇਲਾਂ ਦੀ ਸੂਚੀ ਇਸ ਤਰ੍ਹਾਂ ਹੈ :

1. ਗਉੜੀ ਗੁਆਰੇਰੀ 2. ਗਾਉੜੀ ਦੱਖਣੀ
3. ਗਉੜੀ ਚੇਤੀ 4. ਗਉੜੀ ਬੈਰਾਗਣ
5. ਗਉੜੀ ਦੀਪਕੀ 6. ਗਉੜੀ ਪੂਰਬੀ ਦੀਪਕੀ
7. ਗਉੜੀ ਪੂਰਬੀ 8, ਗਾਉੜੀ ਮਾਝ
9. ਗਉੜੀ ਮਾਲਾ 10, ਗਉੜੀ ਭੀ ਸੋਰਠਿ ਭੀ
11. ਵਡਹੰਸ ਦਖਣੀ 12. ਤਿਲੰਗ ਕਾਫੀ
13. ਸੂਹੀ ਕਾਫੀ 14. ਸੂਹੀ ਲਲਿਤ
15. ਬਿਲਾਵਲ ਗੋਂਡ 16. ਬਿਲਾਵਲ ਦਖਣੀ
17. ਰਾਮ ਕਲੀ ਦਖਣੀ 18. ਮਾਰੂ ਕਾਫੀ
19. ਮਾਰੂ ਦਖਣੀ 20. ਬਸੰਤ ਹਿੰਡੋਲ
21. ਕਲਿਆਣ ਭੂਪਾਲੀ 22. ਪ੍ਰਭਾਤੀ ਦਖਣੀ
23. ਪ੍ਰਭਾਤੀ ਵਿਭਾਸ 24. ਆਸਾ ਆਸਾਵਰੀ
25. ਆਸਾਵਰੀ ਸੁਧੰਗ

ਗੁਰੂ ਕਵੀਆਂ ਨੇ ਰਾਗ ਦੇ ਨਾਲ ਨਾਲ ਲੋਕ ਧੁਨਾਂ ਦਾ ਵੀ ਪ੍ਰਯੋਗ ਕੀਤਾ ਹੈ। ਕਿਸੇ ਰਾਗ ਦਾ ਸੁਤੰਤਰ ਪ੍ਰਯੋਗ ਬਿਲਕੁਲ ਨਹੀਂ ਕੀਤਾ। ਇਥੇ ਰਾਗ ਸਹਾਇਕ ਹੈ। ਗੁਰੂ ਕਾਵਿ ਵਿਚ ਪਹਿਲਾਂ ਰਾਗ ਦਾ ਨਾਮ ਹੈ, ਫੇਰ ਕਾਵਿ ਰੂਪ ਦਾ। ਜਿਵੇਂ ਵਾਰਾਂ ਨੂੰ ਗਾਉਣ ਲਈ ਰਾਗਾਂ ਦੇ ਨਾਲ ਨਾਲ ਕੁਝ ਖਾਸ ਧੁਨਾਂ ਨੂੰ ਅਪਣਾਉਣ ਦਾ ਆਦੇਸ਼ ਦਿੱਤਾ ਹੋਇਆ ਹੈ।

ਗੁਰੂ ਕਾਵਿ ਦਾ ਭਾਰਤੀ ਕਾਵਿ ਅਤੇ ਸੰਗੀਤ ਦੇ ਸੰਦਰਭ ਵਿਚ ਅਧਿਐਨ ਕਰਨ ਨਾਲ ਹੇਠ ਲਿਖੇ ਨਤੀਜੇ ਨਿਕਲਦੇ ਹਨ।

ਗੁਰੂ ਕਾਵਿ ਵਿਚ ਪ੍ਰਯੁਕਤ ਪੁਰਾਤਨ ਭਾਰਤੀ ਕਾਵਿ ਅਤੇ ਲੋਕ ਕਾਵਿ ਨਾਲ ਸੰਬੰਧਿਤ ਕਾਵਿ-ਰੂਪ ਵਿਸ਼ੇਸ਼ ਰਾਗਾਂ ਅਤੇ ਧੁਨੀਆਂ ਨਾਲ ਸੰਬੰਧਤ ਹੋ ਜਾਣ ਕਾਰਨ ਪੁਰਾਤਨ ਭਾਰਤੀ ਕਾਵਿ ਪਰੰਪਰਾ ਵਿਚ ਇਕ ਨਵਾਂ ਵਾਧਾ ਕਰਦੇ ਹਨ।

ਗੁਰੂ ਕਾਵਿ ਵਿਚ ਪ੍ਰਯੁਕਤ ਰਾਗ ਭਾਵੇਂ ਭਾਰਤੀ ਸਨਾਤਨੀ ਰਾਗ ਪਰੰਪਰਾ ਨਾਲ ਸੰਬੰਧਤ ਹਨ, ਪਰ ਉਹਨਾਂ ਦੇ ਮਿਸ਼ਰਤ ਰੂਪਾਂ ਦਾ ਪ੍ਰਯੋਗ ਗੁਰੂ ਸਾਹਿਬਬਾਨ ਦੀ ਵਿਲੱਖਣਤਾ ਹੈ। ਇਹਨਾਂ ਰਾਗਾਂ ਨੂੰ ਲੋਕ-ਕਾਵਿ-ਰੂਪਾਂ ਦੀਆਂ ਧੁਨੀਆਂ ਅਤੇ ਤਾਲ-ਪ੍ਰਬੰਧ ਅਨੁਸਾਰ ਗਾਉਣਾ ਗੁਰੂ ਸਾਹਿਬਾਨ ਦੀ ਇਕ ਮੌਲਿਕ ਦੇਣ ਹੈ। ਇਸੇ ਤਰ੍ਹਾਂ ਸਾਰੇ ਗੁਰੂ ਕਾਵਿ ਵਿਚ ਕਵਿਤਾ ਅਤੇ ਸੰਗੀਤ ਦਾ ਪਰਸਪਰ ਸੰਯੋਗ ਜਿਥੇ ਪਰੰਪਰਾ ਨਾਲ ਸੰਬੰਧਤ ਹੈ, ਉਥੇ ਕਈ ਗੱਲਾਂ ਵਿਚ ਮੌਲਿਕ ਵੀ ਹੈ। ਗੁਰੂ ਕਾਵਿ ਦੀ ਕਾਵਿਕ ਅਤੇ ਸੰਗੀਤਕ ਪਿੱਠ-ਭੂਮੀ ਦੇ ਅਧਿਐਨ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਕਾਵੀਆਂ ਨੇ ਬਹੁਤ ਕੁਝ ਪੁਰਾਤਨ ਪਰੰਪਰਾ ਤੋਂ ਅਪਣਾਇਆ ਹੈ ਅਤੇ ਪਰੰਪਰਾ ਦਾ ਬਹੁਤ ਕੁਝ ਉਹਨਾਂ ਨੇ ਅਪਣਾਉਣ ਤੋਂ ਗੁਰੇਜ਼ ਕੀਤਾ ਹੈ।

(ਬਾਕੀ ਸਫਾ 35 ਤੇ)

# 'ਕਿਵ ਕੂੜੈ ਤੁਟੈ ਪਾਲਿ'

ਪ੍ਰਿੰ: ਸਾਹਿਬ ਸਿੰਘ ਜੀ

(ਪਿਛਲੇ ਅੰਕ ਤੋਂ ਅੱਗੇ)

## (ੳ) ਤੀਰਥ ਇਸ਼ਨਾਨ

ਉਂਝ ਤਾਂ ਦਿਨ ਸਾਰੇ ਇਕੋ ਜਿਹੇ ਹੀ ਹਨ। ਪਰ ਮਨੁੱਖ ਕਿਸੇ ਖ਼ਾਸ ਇੱਕ ਦਿਨ ਨੂੰ ਪਵਿੱਤਰ ਮੰਨ ਕੇ ਉਸ ਦਿਨ ਕਿਸੇ ਤੀਰਥ ਉਤੇ ਇਸ਼ਨਾਨ ਕਰ ਕੇ ਸਮਝ ਲੈਂਦਾ ਹੈ ਕਿ ਮੈਂ ਪੁੰਨ ਕਰਮ ਕਰ ਆਇਆ ਹਾਂ। ਨਿਰਾ ਫ਼ਰਜ਼ ਕਰ ਲੈਣਾ ਕਾਫ਼ੀ ਨਹੀਂ ਹੈ। ਲੋੜ ਇਸ ਗੱਲ ਦੀ ਹੈ, ਕਿ ਕੀ ਤੀਰਥ-ਇਸ਼ਨਾਨ ਦੀ ਬਰਕਤਿ ਨਾਲ ਹੱਕ ਦੀ ਕਮਾਈ ਕਰਨ ਦੀ ਆਦਤ ਬਣ ਗਈ ਹੈ, ਪਰ-ਇਸਤ੍ਰੀ ਵਲ ਵਿਕਾਰ ਵਾਲੀ ਨਿਗਾਹ ਪੈਣੋਂ ਹੱਟ ਗਈ ਹੈ, ਕਿਸੇ ਨਾਲ ਈਰਖਾ ਤਾਂ ਨਹੀਂ ਰਹੀ, ਕਿਸੇ ਦਾ ਨੁਕਸਾਨ ਹੁੰਦਾ ਵੇਖ ਕੇ ਮਨ ਖੁਸ਼ ਤਾਂ ਨਹੀਂ ਹੁੰਦਾ। ਜੇ ਤੀਰਥ-ਇਸ਼ਨਾਨ ਨਾਲ ਮਨ ਵਿਚ ਭਲੇ ਪਾਸੇ ਦੀ ਇਹੋ ਜਹੀ ਕੋਈ ਤਬਦੀਲੀ ਨਹੀਂ ਆਈ, ਤਾਂ ਤੀਰਥ-ਇਸ਼ਨਾਨ ਤੋਂ ਆਤਮਕ ਜੀਵਨ ਵਾਲੇ ਪਾਸੇ ਦਾ ਖੱਟਿਆ ਕੀਹ ?

## (ਅ) ਤਿਆਗ

ਗ੍ਰਿਹਸਤੀ ਮਨੁੱਖ ਸਮਝਦਾ ਹੈ ਕਿ ਜਿਹੜਾ ਮਨੁੱਖ ਘਰ ਛੱਡਕੇ ਜੰਗਲ ਦੇ ਗੋਸ਼ੇ ਵਿਚ ਜਾ ਬੈਠਾ ਹੈ ਉਸ ਉਤੇ ਮਾਇਆ ਦੇ ਮੋਹ ਦਾ ਪ੍ਰਭਾਵ ਨਹੀਂ ਪੈਂਦਾ। ਪਰ ਇਹ ਭਾਰੀ ਭੁਲੇਖਾ ਹੈ। ਸਰਬ-ਵਿਆਪਕ ਪਰਮਾਤਮਾ ਸਾਰੀ ਖ਼ਲਕਤ ਵਿੱਚ ਵੱਸਦਾ ਹੈ। ਜੇ ਉਸ ਨੂੰ ਖ਼ਲਕਤ ਵਿਚ ਨਾਹ ਵੇਖਿਆ, ਜੇ ਖ਼ਲਕਤ ਦੀ ਸੇਵਾ ਨਾਹ ਕੀਤੀ ਜੇ ਖ਼ਲਕਤ ਤੋਂ ਰੁੱਸ ਕੇ ਲਾਂਭੇ ਜਾਂ ਬੈਠੇ ਤਾਂ ਮਨੁੱਖ ਦੇ ਅੰਦਰ ਪ੍ਰੇਮ-ਪਿਆਰ ਕਿਵੇਂ ਪੈਦਾ ਹੋ ਸਕਦਾ ਹੈ ? ਪਰਮਾਤਮਾ ਹੈ ਪਿਆਰ-ਸਰੂਪ। ਰੁੱਖੇ ਸੁਭਾਉ ਵਾਲੇ ਤਿਆਗੀ ਦਾ ਪਿਆਰ-ਸਰੂਪ ਪ੍ਰਭੂ ਨਾਲ ਮੇਲ ਹੋਣਾ ਅਸੰਭਵ ਹੈ। ਸਰੀਰ ਨੂੰ ਭੋਜਨ ਚਾਹੀਦਾ ਹੈ, ਕੱਪੜਾ ਚਾਹੀਦਾ ਹੈ, ਇਸ ਦਾ ਭਾਰ ਗ੍ਰਿਹਸਤੀ ਦੇ ਮੋਢਿਆਂ ਉਤੇ ਕਿਉਂ ਪਏ ? ਸਮਾਧੀਆਂ ਦੇ ਆਸਰੇ ਰਿੱਧੀਆਂ ਸਿੱਧੀਆਂ ਆਦਿਕ ਕਰਾਮਾਤੀ ਤਾਕਤਾਂ ਹਾਸਲ ਕੀਤਿਆਂ 'ਤਿਆਗੀ' ਮਨੁੱਖ ਸਗੋਂ ਵਧੀਕ ਔਝੜੇ ਜਾ ਪੈਂਦਾ ਹੈ। ਕਿਸੇ ਨੂੰ ਸਰਾਪ ਦਾ ਡਰ ਦੇਂਦਾ ਹੈ, ਕਿਸੇ ਨੂੰ ਵਰ ਦਾ ਲਾਲਚ ਦੇਂਦਾ ਹੈ। ਪਰਮਾਤਮਾ ਨਾਲੋਂ ਵਿੱਥ ਤਾਂ ਇਸ ਦੀ ਬਣੀ ਹੀ ਰਹੀ, ਤੇ, ਖ਼ਲਕਤ ਨਾਲੋਂ ਭੀ।

## (ੲ) ਮੂਰਤੀ

ਜਿਸ ਨਾਲ ਪਿਆਰ ਹੋਵੇ, ਕੁਦਰਤੀ ਤੌਰ ਤੇ ਜੀ ਕਰਦਾ ਹੈ ਕਿ ਉਸ ਦੀ ਸੂਰਤ ਸਾਡੀਆਂ ਅੱਖਾਂ ਦੇ ਸਾਹਮਣੇ ਟਿਕੀ ਰਹੇ। ਪਰ ਇਹ ਪਿਆਰ ਹੈ ਦੁਨਿਆਵੀ ਪਿਆਰ, ਦੁਨੀਆਵੀ ਰਿਸ਼ਤੇਦਾਰਾਂ ਵਾਲਾ ਪਿਆਰ। ਸਰੀਰ ਸਦਾ ਨਾਲ ਨਹੀਂ ਨਿਭ ਸਕਦੇ।

ਮਨੁੱਖ ਦਾ ਜੀ ਲੋਚਦਾ ਹੈ ਕਿ ਮੇਰੇ ਅੱਤਿ ਪਿਆਰੇ ਸੰਬੰਧੀ ਦੀ ਸਰੀਰਕ ਸ਼ਕਲ ਸਦਾ ਲਈ ਮੇਰੇ ਪਾਸ ਟਿਕੀ ਰਹੇ; ਜੇ ਉਹ ਸਰੀਰਕ ਤੌਰ ਤੇ ਮੈਥੋਂ ਵਿੱਛੜ ਜਾਏ ਤਾਂ ਭੀ ਉਸ ਦੀ ਤਸਵੀਰ ਦੀ ਰਾਹੀਂ, ਉਸ ਦੀ ਮੂਰਤੀ ਦੀ ਰਾਹੀਂ, ਮੈਂ ਉਸ ਨੂੰ ਵੇਖ ਸਕਿਆ ਕਰਾਂ।

ਪਰ ਜਿਸ ਮਹਾਪੁਰਖ ਨੂੰ, ਜਿਸ ਅਵਤਾਰ ਨੂੰ, ਜਿਸ ਗੁਰੂ ਨੂੰ ਮਨੁੱਖ ਆਪਣਾ ਇਸ਼ਟ ਬਣਾਂਦਾ ਹੈ, ਉਸਨੂੰ ਬਣਾਂਦਾ ਹੈ ਆਪਣਾ ਆਤਮਕ ਜੀਵਨ ਉੱਚਾ ਕਰਨ ਲਈ। ਆਤਮਕ ਜੀਵਨ ਦੀ ਉੱਚਤਾ ਇਹ ਹੈ ਕਿ ਮਨੁੱਖ ਦੇ ਅੰਦਰੋਂ ਮੇਰ-ਤੇਰ ਮਿਟੇ, ਵੈਰ ਵਿਰੋਧ ਦੂਰ ਹੋਵੈ, ਨਫ਼ਰਤ ਈਰਖਾ ਮੁੱਕੇ; ਆਪਣੇ ਅੰਦਰ ਵੱਸਦਾ ਪਰਮਾਤਮਾ ਸਾਰੀ ਖ਼ਲਕਤ ਵਿਚ ਵੱਸਦਾ ਦਿੱਸੇ ਤਾਂ ਕਿ ਮਨੁੱਖ ਸਭ ਦਾ ਭਲਾ ਮੰਗੇ, ਵਧੀਕੀ ਕਰਨ ਵਾਲੇ ਦਾ ਭੀ ਭਲਾ ਮੰਗੇ। ਇਹ ਆਤਮਕ ਉੱਚਤਾ ਤਦੋਂ ਹੀ ਮਨੁੱਖ ਦੇ ਅੰਦਰ ਪਲ੍ਹਰ ਸਕਦੀ ਹੈ ਜੇ ਇਹ ਉੱਚੇ ਸੁੱਚੇ ਜੀਵਨ ਵਾਲੇ ਆਪਣੇ ਇਸ਼ਟ ਦੇ ਆਤਮਾ ਨਾਲ ਜੁੜਿਆ ਰਹੇ। ਉੱਚੇ ਮਹਾਂ ਪੁਰਖ ਦਾ ਆਤਮਾ ਹੈ ਉਸ ਦੀ ਬਾਣੀ। ਜਿਉਂ ਜਿਉਂ ਮਨੁੱਖ ਆਪਣੇ ਇਸ਼ਟ ਮਹਾਂ-ਪੁਰਖ ਦੀ ਬਾਣੀ ਨਾਲ ਜੁੜਦਾ ਹੈ, ਉਸ ਦੇ ਅੰਦਰ ਆਤਮਕ ਜੀਵਨ ਉੱਚਾ ਬਣਾਣ ਵਾਲੇ ਗੁਣ ਵਧਦੇ ਫੁਲਦੇ ਹਨ।

ਜੋ ਮਨੁੱਖ ਆਪਣੇ ਇਸ਼ਟ ਦੇ ਆਤਮਕ ਜੀਵਨ ਨਾਲ, ਆਤਮਾ ਨਾਲ, ਬਾਣੀ ਨਾਲ ਇਕ-ਮਿਕ ਹੋਣ ਦੇ ਥਾਂ ਉਸ ਦੀ ਤਸਵੀਰ ਬਣਾ ਕੇ ਉਸ ਦੀ ਮੂਰਤੀ ਬਣਾ ਕੇ ਆਪਣੀਆਂ ਅੱਖਾਂ ਦੀ ਰਾਹੀਂ, ਉਸ ਤਸਵੀਰ ਨੂੰ, ਉਸ ਦੀ ਮੂਰਤੀ ਨੂੰ ਆਪਣੇ ਦਿਮਾਗ ਵਿਚ ਵਸਾਣ ਦਾ ਜਤਨ ਕਰਨ ਲੱਗ ਪੈਂਦਾ ਹੈ, ਤਾਂ ਉਹ ਸਦੀਵੀ ਆਤਮਾ ਦੇ ਥਾਂ ਨਾਸਵੰਤ ਸਰੀਰ ਨਾਲ ਹੀ ਪਿਆਰ ਬਣਾਂਦਾ ਹੈ। ਆਤਮਕ ਉੱਚਤਾ ਲਾਂਭੇ ਹੀ ਰਹਿ ਜਾਂਦੀ ਹੈ। ਨਿੱਤ ਮੂਰਤੀ ਅੱਗੇ ਧੂਪ ਧੁਖਾ ਕੇ ਪੂਜਾ ਆਦਿਕ ਕਰਨ ਵਾਲਾ ਮਨੁੱਖ ਕਦੇ ਇਹ ਸੋਚਣ ਦੀ ਖੇਚਲ ਹੀ ਨਹੀਂ ਕਰ ਸਕਦਾ, ਨਹੀਂ ਕਰਦਾ, ਕਿ ਇਸ ਉੱਦਮ ਨਾਲ ਮਨ ਵਿਚੋਂ ਭੈੜੀਆਂ ਵਾਦੀਆਂ ਕਿਤਨੀਆਂ ਕੁ ਕਮਜ਼ੋਰ ਹੋਈਆਂ ਹਨ, ਕਿਤਨੀਆਂ ਕੁ ਘਟੀਆਂ ਹਨ। ਇਹ ਇਕ ਰਸਮੀ ਉੱਦਮ ਹੀ ਬਣਿਆ ਰਹਿ ਜਾਂਦਾ ਹੈ।

ਭਗਵਾਨ ਦੀ ਮੂਰਤੀ ਬਣਾਣੀ ਤਾਂ ਹੈ ਹੀ ਇਕ ਅੱਲੋਕਾਰ ਗੱਲ। ਉਸ ਦੀ ਤਸਵੀਰ ਉਸ ਦੀ ਮੂਰਤੀ ਤਾਂ ਬਣ ਹੀ ਨਹੀਂ ਸਕਦੀ। ਹਾਂ, ਦੁਨੀਆਂ ਸਾਰੀ ਦੇ ਜੀਅ ਜੰਤ ਉਸ ਦੀਆਂ ਮੂਰਤੀਆਂ ਹਨ. ਇਹਨਾਂ ਨੂੰ ਪੈਦਾ ਕਰਕੇ ਇਹਨਾਂ ਵਿਚ ਉਹ ਵੱਸਦਾ ਭੀ ਹੈ ਤੇ ਇਹਨਾਂ ਤੋਂ ਨਿਰਲੇਪ ਵੱਖਰਾ ਵੀ ਹੈ। ਭਗਵਾਨ ਦੀ ਮੂਰਤੀ ਬਣਾ ਕੇ ਉਸ ਦੀ ਪੂਜਾ ਕਰਨ ਵਾਲਾ ਮਨੁੱਖ ਉਸ ਦੀ ਸਰਬ-ਵਿਆਪਕਤਾ ਭੁਲਾ ਕੇ ਉਸ ਨੂੰ ਸਿਰਫ਼ ਉਸ ਦੀ ਮੂਰਤੀ ਵਿਚ ਹੀ ਵੇਖਣ ਦਾ ਜਤਨ ਕਰਦਾ ਰਹਿੰਦਾ ਹੈ ਤੇ ਵੇਖਣ ਦਾ ਆਦੀ ਹੋ ਜਾਂਦਾ ਹੈ। ਸਰਬ-ਵਿਆਪਕ ਨੂੰ ਸਾਰੀ ਖ਼ਲਕਤ ਵਿਚ ਵੇਖਣ ਦੀ ਆਦਤ ਬਣਾ ਕੇ ਜਿਹੜਾ ਹਿਰਦਾ ਵਿਸ਼ਾਲ ਬਣਨਾ ਸੀ, ਉਹ ਸੁੰਗੜ ਕੇ ਖ਼ਲਕਤ ਨਾਲੋਂ ਕੱਟਿਆ ਰਹਿੰਦਾ

ਹੈ। ਉਸ ਵਿਚ ਸਰਬ-ਵਿਆਪਕ ਦੇ ਉੱਚੇ ਗੁਣ ਪੁੱਲ੍ਰਨ ਦੇ ਥਾਂ ਮੇਰ-ਤੇਰ, ਵੈਰ-ਵਿਰੋਧ, ਨਫਰਤ-ਈਰਖਾ ਪੈਦਾ ਕਰਨ ਵਾਲੇ ਭੈੜ ਹੀ ਵਧਦੇ ਰਹਿੰਦੇ ਹਨ।

## ਗੁਰਮਤਿ ਦੀ ਪਟੜੀ—

ਗ੍ਰਿਹਸਤ ਵਿਚ ਰਹਿੰਦਿਆਂ, ਕਿਰਤ-ਕਾਰ ਕਰਦਿਆਂ ਮਨੁੱਖ ਨੇ ਅੰਮ੍ਰਿਤ ਵੇਲੇ ਉਠ ਕੇ ਸਤਸੰਗ ਵਿਚ ਜਾ ਕੇ ਪਰਮਾਤਮਾ ਦੀ ਯਾਦ ਵਿਚ ਨਿੱਤ ਜੁੜਨਾ ਹੈ। ਕਿਰਤ-ਕਾਰ ਵਿਚ ਕਮਾਈ ਸਦਾ ਹੱਕ ਦੀ ਕਰਨੀ ਹੈ, ਤੇ, ਉਸ ਵਿੱਚੋਂ ਲੋੜਵੰਦਿਆਂ ਦੀ ਸੇਵਾ ਵੀ ਕਰਦੇ ਰਹਿਣਾ ਹੈ, ਸੇਵਾ ਭੀ ਕਰਨੀ ਹੈ ਨਿਰਮਾਣ ਰਹਿ ਕੇ। ਦਿਨ ਵੇਲੇ ਭੀ ਜਦੋਂ ਸਬੱਬ ਬਣੇ, ਭਲੇ ਮਨੁੱਖਾਂ ਦੀ ਸੁਹਬਤ ਕਰਨੀ ਹੈ। ਕੁਸੰਗ ਤੋਂ ਬਚਣਾ ਹੈ। ਕਿਸੇ ਨੂੰ ਕੋਈ ਤਕਲੀਫ ਦੇਣੀ ਜਾਂ ਕਿਸੇ ਦਾ ਕੋਈ ਨੁਕਸਾਨ ਕਰਨਾ ਤਾਂ ਕਿਤੇ ਰਿਹਾ, ਕਿਸੇ ਦਾ ਦਿਲ ਭੀ ਕਦੇ ਕੋਈ ਖਰ੍ਹਵਾ ਬੋਲ ਵਰਤ ਕੇ ਨਹੀਂ ਦੁਖਾਣਾ। ਦੂਜੇ ਵੱਲੋਂ ਹੋਈ ਵਧੀਕੀ ਨੂੰ ਜਰਨਾ ਹੈ, ਬੁਰਾਈ ਕਰਨ ਵਾਲੇ ਨਾਲ ਭੀ ਭਲਾਈ ਹੀ ਕਰਨੀ ਹੈ। ਪਰਮਾਤਮਾ ਦੀ ਯਾਦ ਦੀ ਇਤਨੀ ਆਦਤ ਪਕਾਣੀ ਹੈ ਕਿ ਤੁਰਦਿਆਂ ਫਿਰਦਿਆਂ ਸੁੱਤਿਆਂ ਜਾਗਦਿਆਂ ਹਰ ਵੇਲੇ ਇਹ ਯਾਦ ਮਨ ਵਿਚ ਟਿਕੀ ਰਹੇ। ਇਸ ਯਾਦ ਦੀ ਬਰਕਤਿ ਨਾਲ ਮਨ ਨੂੰ ਸਦਾ ਵਿਕਾਰਾਂ ਵੱਲੋਂ ਰੋਕਦੇ ਰਹਿਣਾ ਹੈ। ਇਸ ਤਰ੍ਹਾਂ ਅੰਦਰ ਪੁਰਾਣੇ ਟਿਕੇ ਹੋਏ ਭੈੜੇ ਸੰਸਕਾਰ ਸਹਜੇ ਸਹਜੇ ਮਿਟਦੇ ਮਿਟਦੇ ਉੱਕਾ ਹੀ ਮਿਟ ਜਾਣਗੇ, ਆਚਰਨ ਇਤਨਾ ਉੱਚਾ ਹੋ ਜਾਇਗਾ ਕਿ ਜੀਵਾਤਮਾ ਤੇ ਪਰਮਾਤਮਾ ਇਕ-ਰੂਪ ਹੋ ਜਾਇਗਾ। ਬੱਸ! ਇਹ ਹੈ ਮੁਕਤੀ। ਮੁਕਤੀ ਤੋਂ ਭਾਵ ਹੈ ਵਿਕਾਰਾਂ ਵਲੋਂ ਮੁਕੰਮਲ ਆਜ਼ਾਦੀ। ਜਿਹੜਾ ਮਨੁੱਖ ਇਸ ਅਵਸਥਾ ਤੇ ਅਪੜ ਗਿਆ, ਉਸ ਦੀ ਪਰਮਾਤਮਾ ਨਾਲੋਂ ਵਿੱਥ ਮੁੱਕ ਗਈ। ਉਸ ਨੂੰ ਆਪਣੇ ਅੰਦਰ ਤੇ ਬਾਹਰ ਹਰ ਥਾਂ ਹਰੇਕ ਜੀਵ ਵਿਚ ਉਹ ਸਿਰਜਣਹਾਰ ਪ੍ਰਭੂ ਹੀ ਦਿੱਸ ਪਿਆ। ਉਹ ਕਦੇ ਲੁਕ ਕੇ ਵੀ ਕੋਈ ਵਿਕਾਰ ਨਹੀਂ ਕਰ ਸਕਦਾ। ਲੁਕੇ ਕਿਸ ਤੋਂ? ਵੇਖਣ ਵਾਲਾ ਤਾਂ ਉਸ ਨੂੰ ਆਪਣੇ ਹੀ ਅੰਦਰ ਬੈਠਾ ਪ੍ਰਤੱਖ ਸਦਾ ਦਿੱਸਦਾ ਹੈ। ਸੁਖ ਆਵੇ ਚਾਹੇ ਦੁੱਖ ਆਵੇ, ਉਸ ਨੂੰ ਸਭ ਕੁਝ ਪਰਮਾਤਮਾ ਦੀ ਰਜ਼ਾ ਵਿਚ ਆਇਆ ਦਿੱਸਦਾ ਹੈ, ਤੇ. ਰਜ਼ਾ ਉਸ ਨੂੰ ਮਿੱਠੀ ਲੱਗਣ ਲੱਗ ਪੈਂਦੀ ਹੈ।

ਜੀਵਨ-ਸਫਰ ਦੀ ਇਸ ਪਟੜੀ ਉਤੇ ਮਨੁੱਖ ਨੂੰ ਗੁਰੂ ਤੋਰਦਾ ਹੈ. ਆਪਣੇ ਉਪਦੇਸ਼ ਦੀ ਰਾਹੀਂ, ਆਪਣੀ ਬਾਣੀ ਦੀ ਰਾਹੀਂ, ਆਪਣੇ ਜੀਵਨ-ਪੂਰਨਿਆਂ ਦੀ ਰਾਹੀਂ। ਤੇ, ਗੁਰੂ ਮਿਲਦਾ ਹੈ ਪਰਮਾਤਮਾ ਦੀ ਮਿਹਰ ਨਾਲ।

—o—

# ਆਸਾ ਦੀ ਵਾਰ ਦਾ ਲੜੀਵਾਰ ਵੀਚਾਰ

ਪ੍ਰੇਮ ਸਿੰਘ ਪ੍ਰੇਮ

(ਪਿਛਲੇ ਅੰਕ ਨੰ: ੬ ਤੋਂ ਅੱਗੇ)

ਸਲੋਕ ਮਹਲਾ ੧ ॥

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ।
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ।
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ।
ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ।
ਜੋਗੀ ਸੁੰਨਿ ਧਿਆਵਨਿ ਜੇਤੇ ਅਲਖ ਨਾਮੁ ਕਰਤਾਰੁ ।
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ।
ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ।
ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ।
ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ।
ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ ।
ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ।
ਓਇ ਜਿ ਆਖਹਿ ਸੁ ਤੂੰ ਹੈ ਜਾਣਹਿ ਤਿਨਾ ਭਿ ਤੇਰੀ ਸਾਰ ।
ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ।
ਸਦਾ ਅਨੰਦਿ ਰਹਹਿ ਦਿਨੁ ਰਾਤੀਂ ਗੁਣਵੰਤਿਆ ਪਾਛਾਰੁ ।

**ਵਿਆਖਿਆ :**—ਉਪਰੋਕਤ ਸਲੋਕ ਵਿਚ, ਜੋ ਕਿ ਸਾਹਿਬ ਗੁਰੂ ਗ੍ਰੰਥ ਸਾਹਿਬ ਦੇ ਅੰਕ ੪੬੫ ਤੇ ਦਰਜ ਹੈ, ਹਜ਼ੂਰ ਗੁਰੂ ਨਾਨਕ ਪਾਤਸ਼ਾਹ ਨੇ ਮੁਸਲਮਾਨਾਂ, ਹਿੰਦੂਆ, ਜੋਗੀਆਂ ਅਤੇ ਹੋਰ ਮਤਾਂ ਦੇ ਆਦਰਸ਼ਾਂ ਤੋਂ ਉਨ੍ਹਾਂ ਦੇ ਗਿਰਾਉ ਦਾ ਨਕਸ਼ਾ ਖਿਚ ਕੇ ਗੁਣਹੀਣਾਂ ਦਾ ਕਥਨ ਕਰਕੇ ਅੰਤ ਵਿਚ ਸੱਚੇ ਵਾਹਿਗੁਰੂ ਨਾਲ ਜੁੜੇ ਪ੍ਰੇਮੀਆਂ ਦਾ ਲਛਣ ਦੱਸਿਆ ਹੈ।

**ਅਰਥ :**—ਮੁਸਲਮਾਨਾਂ ਵਿਚ ਸਰੀਅਤ ਦੀ ਸਿਫਤ ਕੀਤੀ ਜਾਂਦੀ ਹੈ। ਉਹ ਸ਼ਰਾਹ ਦੀਆਂ ਪੁਸਤਕਾਂ ਪੜ੍ਹ ਕੇ (ਉਸ ਦੀ) ਵੀਚਾਰ ਕਰਦੇ ਰਹਿੰਦੇ ਹਨ ਅਤੇ ਜ਼ੋਰ ਦੇ ਕੇ ਕਹਿੰਦੇ ਹਨ ਕਿ ਜੋ ਸ਼ਰਾਹ ਦੀ ਬੰਦਸ਼ (ਕੈਦ) ਵਿਚ ਸਾਈਂ ਦਾ ਦੀਦਾਰ ਵੇਖਣ ਲਈ ਪੈਂਦੇ ਹਨ ਉਹ ਹੀ ਬੰਦੇ ਹਨ। ਅਤੇ ਹਿੰਦੂ ਦਰਸ਼ਨ (ਸਾਸ਼ਤ੍ਰ) ਦੁਆਰਾ (ਓਅੰਕਾਰ ਨੂੰ) ਰੂਪ ਵਿਚ ਆਪਾਰ ਦੱਸਦੇ ਹਨ ਤੇ ਤੀਰਥਾਂ ਆਦਿ ਤੇ ਜਾ ਕੇ ਸਰਗੁਣ ਰੂਪ (ਮੂਰਤੀਆਂ ਆਦਿ) ਦੀ ਪੂਜਾ ਅਰਚਨਾ ਕਰਦੇ ਹਨ ਅਤੇ ਅਗਰਬੱਤੀਆਂ ਧੂਪ ਆਦਿ ਧੁਖਾ ਕੇ ਖੁਸ਼ਬੂਆਂ ਆਦਿ ਦੁਆਰਾ ਕ੍ਰਮਾਕਾਂਡਾਂ ਵਿਚ ਫਸੇ ਰਹਿੰਦੇ ਹਨ ਅਤੇ ਜੋਗ ਮਤ ਵਾਲੇ ਸੁੰਨ (ਇਕਾਂਤ) ਵਿਚ ਟਿਕਣ ਦਾ ਯਤਨ ਕਰਦੇ ਹਨ ਤੇ ਸੂਖਮ ਆਕਾਰ ਦਾ ਧਿਆਨ ਕਰਦੇ ਹਨ ਅਤੇ ਉਸ ਦਾ ਨਾਮ ਕਰਤਾਰ

ਨਿਰੰਜਨ, ਨਿਰਾਕਾਰ ਤੇ ਅਲੇਖ ਆਦਿ ਰੱਖ ਲੈਂਦੇ ਹਨ। ਦਾਨੀਆਂ ਦੇ ਮਨ ਵਿਚ ਦਾਨ ਦੇ ਵਿਚਾਰ ਨਾਲ (ਆਪਣੇ ਲਈ ਘੱਟ ਖਰਚ ਕਰਨਾ) ਸੰਤੋਖ ਸਮਝਦੇ ਹਨ ਅਤੇ ਥੋੜ੍ਹਾ ਦੇ ਕੇ ਆਪ ਵਾਹਿਗੁਰੂ ਤੋਂ ਹਜ਼ਾਰਾਂ ਗੁਣਾਂ ਫਲ ਮੰਗਦੇ ਹਨ ਤੇ ਨਾਲੇ ਚਾਹੁੰਦੇ ਹਨ ਕਿ ਸੰਸਾਰੀ ਲੋਕ ਸਾਡੀ ਸੋਭਾ ਕਰਨ ਕਿ ਅਸੀਂ ਦਾਨੀ ਹਾਂ। ਅੱਗੇ ਅਧਰਮ ਵਿਚ ਪਰਿਵਰ-ਤਨਾਂ ਦੀ ਤਸਵੀਰ ਹੀ ਖਿੱਚ ਦਿੱਤੀ ਹੈ ਕਿ ਕੁਝ ਐਸੇ ਵੀ ਹਨ ਜਿਨ੍ਹਾਂ ਪਾਸ ਕੁਝ ਭਲਾ ਕਰਨ ਕਰਕੇ ਉਸ ਦੀ ਰਾਸ ਸੀ, ਉਹ ਇਥੇ ਵਿਕਾਰਾਂ ਵਿਚ ਪੈ ਕੇ ਉਸ ਨੂੰ ਵੀ ਮੁਕਾਈ ਚਲੇ ਜਾਂਦੇ ਹਨ ਸਲੋਕ ਦੇ ਅਗਲੇ ਪੜਾਅ ਵਿਚ ਸ੍ਰਿਸਟੀ ਵੱਲ ਦ੍ਰਿਸ਼ਟੀ ਖਿੱਚਦੇ ਹਨ ਕਿ ਜਲ ਵਿਚ ਖੁਸ਼ਕੀ ਤੇ ਪੁਰੀਆਂ, ਜ਼ਮੀਨ ਅਸਮਾਨ ਵਿਚ ਖਾਲੀ ਸਪੇਸ ਵਿਚ ਜੋ ਸੂਖਮ ਜੀਅ ਹਨ ਉਹ ਕਿੰਝ ਤੇਰੀ ਅਰਾਧਨਾ ਕਰਦੇ ਹਨ, ਇਹ ਸਾਹਿਬ ਤੂੰ ਆਪ ਹੀ ਜਾਣਦਾ ਹੈ। ਅੰਤਲੇ ਪੜਾਅ ਵਿਚ ਜੋ ਠੀਕ ਰਸਤੇ ਉਤੇ ਚੱਲ ਰਹੇ ਹਨ, ਉਨ੍ਹਾ ਦਾ ਜ਼ਿਕਰ ਕਰਦੇ ਹਨ ਕਿ ਪਰਮੇਸ਼ਰ ਦੇ ਭਗਤ ਜੋ ਸੱਚੇ ਰਾਹ ਚੱਲ ਰਹੇ ਹਨ ਉਨ੍ਹਾਂ ਨੂੰ ਸਿਫਤ ਤੇਰੀ ਕੀਰਤੀ-ਸਿਫਤ ਸਾਲਾਹ ਦੀ ਹੀ ਭੁੱਖ ਹੈ ਤੇ ਉਹ ਨਾਮ ਦੇ ਆਸਰੇ ਤੇ ਸਦਾ ਸ਼ੁਕਰ ਆਨੰਦ ਵਿਚ ਰਹਿੰਦਿਆਂ ਅੱਠੇ ਪਹਿਰ ਦਿਨੇ ਰਾਤੀਂ ਸ਼ੁਭ ਗੁਣਾਂ ਦੇ ਧਾਰਨੀ ਹੁੰਦੇ ਹਨ। ਉਹ ਤੈਨੂੰ ਸਰਬ ਵਿਆਪੀ ਸਮਝਦੇ ਹਨ :—

**ਸਰਗੁਨ ਨਿਰਗੁਨ ਨਿਰੰਕਾਰੁ ਸੁੰਨ ਸਮਾਧੀ ਆਪਿ ।**
**ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ।** (ਗਉੜੀ ਸੁਖਮਨੀ ਮ:੫)

**ਮਹਲਾ ੨** ਮਿਟੀ ਮੁਸਲਮਾਨ ਦੀ ਪੇੜੈ ਪਈ ਕੁਮਿਆਰ ।
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ।
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ।
ਨਾਨਕ ਜਿਨਿ ਕਰਤੈ ਕਾਰਣ ਕੀਆ ਸੋ ਜਾਣੈ ਕਰਤਾਰੁ । ੨ ।

**ਵਿਆਖਿਆ :**—ਮੁਸਲਮਾਨ ਲੋਕ ਮੁਰਦੇ ਨੂੰ ਦਬਦੇ ਹਨ ਅਤੇ ਹਿੰਦੂ ਜੋ ਦੇਹ ਨੂੰ ਸਾੜਦੇ ਹਨ, ਉਨ੍ਹਾਂ ਨੂੰ ਕਹਿੰਦੇ ਹਨ ਕਿ ਜਿਨ੍ਹਾਂ ਦੀ ਦੇਹ ਸਾੜੀ ਜਾਂਦੀ ਹੈ ਉਹ ਦੋਜਕ (ਨਰਕ) ਵਿਚ ਪੈਂਦੇ ਹਨ। ਸੋ ਐਸੇ ਕੱਚੇ ਵਿਚਾਰ ਨੂੰ ਗੁਰੂ ਨਾਨਕ ਪਾਤਸ਼ਾਹ ਕਸਵੱਟੀ ਵੀਚਾਰ ਦੀ ਤੇ ਲਾਹ ਕੇ ਖੰਡਨ ਕਰਦਿਆਂ ਇਸ ਦੂਜੇ ਸਲੋਕ ਵਿਚ ਵਿਚਾਰ ਪੇਸ਼ ਕਰਕੇ ਦ੍ਰਿਸ਼ਟਾਂਤ ਦੁਆਰਾ ਸਮਝਾਉਂਦੇ ਹਨ ਕਿ ਕਬਰਸਤਾਨ ਦੀ ਮਿੱਟੀ ਜਿਸ ਦੇ ਸੋਹਣੇ ਤੇ ਪੱਕੇ ਭਾਂਡੇ ਬਣਦੇ ਹਨ, ਪੁੱਟ ਕੇ ਘੁਮਿਆਰ ਲੋਕ ਲੈ ਜਾਂਦੇ ਹਨ ਅਤੇ ਉਸ ਮਿੱਟੀ ਜਿਸ ਤੋਂ ਇੱਟਾਂ ਤੇ ਭਾਂਡੇ ਘੜੇ ਜਾਂਦੇ ਹਨ।ਜੇ ਸਰੀਰ ਰੂਪੀ ਮਿੱਟੀ ਸੜਨ ਕਰਕੇ ਹੀ ਦੋਜਕ (ਨਰਕ) ਨਸੀਬ ਹੁੰਦੀ ਹੈ ਤਾਂ ਤੁਹਾਡੇ ਉਹਨਾਂ ਸਭ-ਵਡੇਰਿਆਂ, ਜਿਨ੍ਹਾਂ ਦੀਆਂ ਕਬਰਾਂ ਦੀ ਮਿੱਟੀ ਘੁਮਿਆਰਾਂ ਦੇ ਪੇੜੇ ਵਿਚ ਪੈ ਕੇ ਪੱਕੀ, ਝੜੀ ਤੇ ਸੜੀ, ਦੋਜਕਾਂ ਦੇ ਭਾਗੀ ਬਣ ਗਏ। ਸੋ ਇਸ ਮਿਥ ਨੂੰ ਨਾ ਸੁਣੀ ਕਰਦਿਆਂ ਗੁਰੂ ਨਾਨਕ ਪਾਤਸ਼ਾਹ ਬਿਆਨ ਕਰਦੇ ਹਨ ਕਿ ਸਰੀਰ ਦੇ ਦੱਬਣ ਜਾਂ ਸੜਨ ਦਾ ਨਰਕ ਸਵਰਗ ਨਾਲ ਕੋਈ ਵਾਸਤਾ ਨਹੀਂ ਹੈ।

ਉਥੇ ਤਾਂ ਅਮਲਾਂ ਦੇ ਨਬੇੜੇ ਹੁੰਦੇ ਹਨ। ਸੋ ਪ੍ਰਸ਼ਨ ਉਠਦਾ ਹੈ ਕਿ ਸਤਿ ਨੂੰ ਪ੍ਰਾਪਤ ਕਿਵੇਂ ਹੋਈਏ। ਇਹ ਸਵਾਲ ਇਨ੍ਹਾਂ ਸਲੋਕਾਂ ਨੇ ਪੈਦਾ ਕੀਤਾ। ਉਸ ਦੀ ਪੂਰਨਤਾ ਅਗਲੀ ਪਉੜੀ ਵਿਚ ਦਿੱਤੀ ਹੈ ਜੀਓ।

**ਪਉੜੀ** ਬਿਨੁ ਸਤਿਗੁਰ ਕਿਨੈ ਨ ਪਾਇਓ।
ਬਿਨੁ ਸਤਿਗੁਰ ਕਿਨੈ ਨ ਪਾਇਆ।
ਸਤਿਗੁਰ ਵਿਚਿ ਆਪੁ ਰਖਿਓਨੁ
ਕਰਿ ਪਰਗਟੁ ਆਖਿ ਸੁਣਾਇਆ।
ਸਤਿਗੁਰ ਮਿਲਿਐ ਸਦਾ ਮੁਕਤੁ ਹੈ
ਜਿਨਿ ਵਿਚਹੁ ਮੋਹੁ ਚੁਕਾਇਆ।
ਉਤਮੁ ਏਹੁ ਬੀਚਾਰੁ ਹੈ
ਜਿਨਿ ਸਚੇ ਸਿਉ ਚਿਤੁ ਲਾਇਆ।
ਜਗ ਜੀਵਨ ਦਾਤਾ ਪਾਇਆ।੬।

**ਅਰਥ :—** ਸਤਿਗੁਰ ਤੋਂ ਬਿਨ੍ਹਾਂ (ਵਾਹਿਗੁਰੂ ਨੂੰ) ਕਿਸੇ ਨੇ ਨਹੀਂ ਪ੍ਰਾਪਤ ਕੀਤਾ। (ਹਾਂ) ਸਤਿਗੁਰ ਬਗੈਰ ਕਿਸੇ ਨੂੰ ਵੀ ਪ੍ਰਾਪਤੀ ਨਹੀਂ ਹੁੰਦੀ। ਹਜ਼ੂਰ ਕਹਿ ਰਹੇ ਹਨ ਕਿ ਉਸ ਨਿਰੰਕਾਰ ਨੇ ਸਤਿਗੁਰ ਵਿਚ ਆਪਣੇ ਆਪ ਨੂੰ ਰੱਖਿਆ ਹੈ। ਇਸ ਗੱਲ ਨੂੰ ਬਾਣੀ ਪ੍ਰਗਟ ਕਰਕੇ, ਵਾਜਾ ਵਜਾ ਕੇ ਸੁਣਾ ਰਹੀ ਹੈ ਕਿ ਜਿਸ ਨੇ ਵੀ ਸਤਿਗੁਰ ਦੇ ਬਚਨਾਂ ਨੂੰ ਮੰਨ ਕੇ ਅੰਦਰੋਂ ਮੋਹ ਦੂਰ ਕਰ ਦਿੱਤਾ, ਉਹ ਸਦਾ ਲਈ ਮੁਕਤ ਹੋ ਗਿਆ। ਇਹ ਵੀ ਵਿਚਾਰ ਸ੍ਰੇਸ਼ਟ ਤੇ ਉਤਮ ਹੈ ਕਿ ਜੋ ਸੱਚੇ ਪ੍ਰਮੇਸ਼ਰ ਨਾਲ ਚਿੱਤ ਲਾ ਲੈਂਦਾ ਹੈ ਉਹ ਹੀ ਜਗ ਦੇ ਜੀਵਨ ਦਾਤੇ ਸਚੇ ਪ੍ਰਮੇਸ਼ਵਰ ਨਾਲ ਮਿਲ ਜਾਂਦਾ ਹੈ ਜੀਓ।

**ਵਿਆਖਿਆ :—** ਇਸ ਉਪਰੋਕਤ ਪਉੜੀ ਵਿਚ ਨਾਮ ਦੀ ਪ੍ਰਾਪਤੀ ਦਾ ਵਸੀਲਾ ਸਤਿਗੁਰੂ ਦੱਸਿਆ ਹੈ। ਸਤਿਗੁਰੂ ਤੋਂ ਨਾਮ ਪਾਇਆ ਜਾਂਦਾ ਹੈ, ਜਿਸ ਸਦਕਾ ਸਰੀਰਾਂ ਦਾ ਮੋਹ ਦੂਰ ਹੁੰਦਾ ਹੈ ਅਤੇ ਸੱਚੇ ਪ੍ਰਭੂ ਨਾਲ ਚਿੱਤ ਲੱਗਦਾ ਹੈ। ਸਰੀਰ ਛੱਡ ਕੇ ਗਈ ਆਤਮਾ ਪ੍ਰਮਾਤਮਾਂ ਨਾਲ ਲੀਨ ਹੋ ਜਾਂਦੀ ਹੈ। ਭਾਵ ਜਨਮ-ਮਰਨ ਦਾ ਗੇੜ ਹੀ ਮੁੱਕ ਜਾਂਦਾ ਹੈ, ਜਿਵੇਂ ਕਬੀਰ ਸਾਹਿਬ ਭੀ ਫੁਰਮਾ ਰਹੇ ਹਨ।

ਕਹਿਤ ਕਬੀਰ ਸੁਨੋ ਰੇ ਸੰਤੋ ਖੇਤਿ ਹੀ ਕਰੋ ਨਿਬੇੜਾ।
ਅਬ ਕੀ ਬਾਰ ਬਖਸ ਬੰਦੇ ਕੋ ਬਹੁਰ ਨ ਭਉਜਲ ਫੇਰਾ।

(ਚਲਦਾ)

# ਹਰਿਮੰਦਰ ਸਾਹਿਬ ਤੋਂ ਕੀਰਤਨ

—ਗਿ: ਬਚਿੱਤਰ ਸਿੰਘ ਐਡਵੋਕੇਟ, ਚੰਡੀਗੜ੍ਹ

ਚੰਡੀਗੜ੍ਹ ਵਿਖੇ 17 ਅਪਰੈਲ 1991 ਨੂੰ ਗੁਰਮਤਿ ਸੰਗੀਤ ਸਮੇਲਨ ਹੋਇਆ, ਜਿਸ ਵਿਚ ਪ੍ਰਸਿੱਧ ਸਿੱਖ ਵਿਦਵਾਨ, ਗੁਰਮਤਿ ਸੰਗੀਤ ਪ੍ਰੇਮੀ, ਕੀਰਤਨੀ ਸਿੰਘ, ਸੰਗੀਤ ਵਿਦਿਆਰਥੀ ਅਤੇ ਹਾਜ਼ਰ ਸੰਗਤਾਂ ਨੇ ਗੁਰਮਤਿ ਸੰਗੀਤ ਨੂੰ ਉਤਸ਼ਾਹਿਤ ਕਰਨ, ਪੁਰਾਣਾ ਵਿਰਸਾ ਸੰਭਾਲਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਪੰਜਾਬ ਸਕੂਲ ਸਿਖਿਆ ਬੋਰਡ ਵੱਲੋਂ ਇਸ ਖੇਤਰ ਵਿਚ ਹੁਣ ਤੱਕ ਕੀਤੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਇਨ੍ਹਾਂ ਸੰਸਥਾਵਾਂ ਨੂੰ ਕਈ ਵੱਡਮੁਲੇ ਸੁਝਾ ਭੀ ਦਿੱਤੇ ਜਿਨ੍ਹਾਂ ਦਾ ਵੇਰਵਾ ਅੰਮ੍ਰਿਤ ਕੀਰਤਨ ਮਾਹਵਰੀ ਰਸਾਲੇ ਦੇ ਜੂਨ ਅੰਕ ਵਿਚ ਦਿੱਤਾ ਗਿਆ ਹੈ।

ਇਨ੍ਹਾਂ ਸੁਝਾਵਾਂ ਵਿਚ ਪ੍ਰਧਾਨ ਅਤੇ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪ੍ਰਿੰਸੀਪਲ ਸਤਿਬੀਰ ਸਿੰਘ ਦੇ ਗੁਰਮਤਿ ਸੰਗੀਤ ਖੇਤਰ ਵਿਚ ਆਰੰਭੇ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਹੇਠ ਲਿਖੇ ਸੁਝਾ ਸਿਫਾਰਸਾਂ ਦੇ ਰੂਪ ਵਿਚ ਦਿਤੇ ਗਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਮਤਿ ਸੰਗੀਤ ਦੀ ਨਿਰਧਾਰਤ ਪਰੰਪਰਾ ਅਨੁਸਾਰ ਰਾਗ ਕੀਰਤਨ ਨੂੰ ਉਤਸ਼ਾਹਿਤ ਕਰੇ, ਇਤਿਹਾਸਕ ਗੁਰਦੁਵਾਰਿਆ ਵਿਚ ਵਿਭਿੰਨ ਰਾਗਾਂ ਉਤੇ ਅਧਾਰਿਤ ਕੀਰਤਨ ਚੌਕੀਆ ਲਾਗੂ ਕੀਤੀਆ ਜਾਣ, ਹਰਿਮੰਦਰ ਸਾਹਿਬ ਵਿਖੇ ਸਵੇਰੇ ਅਤੇ ਸ਼ਾਮ ਹੋਣ ਵਾਲੇ ਕੀਰਤਨ ਦੇ ਸੰਬੰਧ ਵਿਚ ਇਕ ਕਮੇਟੀ ਦੀ ਸਥਾਪਨਾ ਕੀਤੀ ਜਾਵੇ ਜੋ ਉਚ ਕੋਟੀ ਦੀ ਪਰੰਪਰਾ ਨਾਲ ਜੁੜੇ ਰਾਗੀ ਸਿੰਘਾਂ ਦੀ ਚੋਣ ਕਰੇ, ਰਾਗੀ ਸਿੰਘਾਂ ਦੁਆਰਾ ਪ੍ਰਯੋਗ ਕੀਤੇ ਜਾਣ ਵਾਲੇ ਸ਼ਬਦ ਤੇ ਰਾਗ ਪਹਿਲਾਂ ਹੀ ਕਮੇਟੀ ਜਾਂ ਇਕ ਦੋ ਮੈਂਬਰ ਸਰਵਣ ਕਰਨ, ਹਰਿਮੰਦਰ ਸਾਹਿਬ ਹੋਣ ਵਾਲੀਆਂ ਕੀਰਤਨ ਚੌਕੀਆ ਤੇ ਰਾਗਮਈ ਕੀਰਤਨ ਪਰੰਪਰਾ ਨੂੰ ਬਰਕਰਾਰ ਰੱਖਿਆ ਜਾਵੇ, ਬਜ਼ੁਰਗ ਕਰੀਤਨੀ ਸਿੰਘਾਂ ਤੇ ਉਘੇ ਸੰਗੀਤ ਆਚਾਰੀਆਂ ਦੀ ਦੇਖ ਰੇਖ ਵਿਚ ਇਕ ਕੀਰਤਨ ਵਿਚਾਰ ਸਮਾਗਮ ਹੋਵੇ ਜਿਸ ਵਿਚ ਵਿਭਿੰਨ ਰਾਗਾਂ, ਕੀਰਤਨ ਚੌਕੀਆਂ, ਪਉੜੀਆਂ ਲਾਉਣ ਦੀ ਪਰੰਪਰਾ ਤੇ ਵੱਖ ਵੱਖ ਸਮਿਆਂ ਤੇ ਕੀਰਤਨ ਕਰਨ ਦੀ ਵਿਧੀ ਸੰਬੰਧੀ ਵਿਚਾਰ ਹੋਵੇ ਤੇ ਰਾਗੀ ਸਿੰਘਾਂ ਨੂੰ ਸਿਖਲਾਈ ਤੇ ਦਿਸ਼ਾ ਪ੍ਰਦਾਨ ਕੀਤੀ ਜਾਵੇ, ਨਿਰਧਾਰਤ ਕੀਰਤਨ ਚੌਕੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਕੈਸਟਾਂ ਤਿਆਰ ਕੀਤੀਆਂ ਜਾਣ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਉਤੇ ਅਧਾਰਤ ਰਾਗ ਕੋਸ਼ ਕਿਸੇ ਗੁਰਮਤਿ ਸੰਗੀਤ ਵਿਦਵਾਨ ਪਾਸੋਂ ਤਿਆਰ ਕਰਵਾਇਆ ਜਾਵੇ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਰੰਭੇ ਗੁਰਮਤਿ ਕੋਰਸ ਨੂੰ ਮਾਨਤਾ ਦਿੱਤੀ ਜਾਵੇ, ਸਮੂਹ ਰਾਗੀ ਸਿੰਘਾਂ ਦੇ ਰੀਫਰੈਸ਼ਰ ਕੋਰਸ ਲਗਾਏ ਜਾਣ ਤਾਂ ਜੋ ਇਹ ਪਰੰਪਰਾ ਸੁਰਜੀਤ ਹੋ ਸਕੇ, ਗੁਰਦੁਵਾਰਿਆਂ ਵਿਚ ਫਿਲਮੀ ਧੁਨਾਂ ਅਤੇ ਗਜ਼ਲਾਂ ਦੀਆਂ ਧੁਨਾਂ ਤੇ ਰੋਕ ਲਗਾਈ ਜਾਵੇ ਤੇ ਰਾਗੀ ਸਿੰਘਾਂ ਨੂੰ ਇਸ ਤੋਂ ਵਰਜ ਕੀਤਾ ਜਾਵੇ।

ਗੁਰਮਤਿ ਸੰਗੀਤ ਸਮੇਲਨ ਵਿਚ ਹੋਰ ਵੀ ਵੱਡਮੁਲੀਆਂ ਵਿਚਾਰਾਂ ਕੀਤੀਆਂ ਗਈਆਂ ਪ੍ਰੰਤੂ ਉਪਰ ਬਿਆਨ ਕੀਤੇ ਸੁਝਾਵਾਂ ਦਾ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬ ਸਕੂਲ ਸਿਖਿਆ ਬੋਰਡ ਨਾਲ ਸੰਬੰਧ ਹੈ ਇਸ ਲਈ ਇਨ੍ਹਾਂ ਦਾ ਵਰਣਨ ਕਰਨਾ ਜ਼ਰੂਰੀ ਸਮਝਿਆ ਗਿਆ ਹੈ। ਇਨ੍ਹਾਂ ਸੰਸਥਾਵਾਂ ਪਾਸ ਅਥਾਹ ਵਸੀਲੇ ਹਨ ਜੋ ਅਸਰਸਦਾਇਕ ਢੰਗ ਨਾਲ ਇਨ੍ਹਾਂ ਸੁਝਾਵਾਂ ਨੂੰ ਅਮਲੀ ਜਾਮਾ ਪਹਿਨਾ ਸਕਦੀਆਂ ਹਨ । ਇਨ੍ਹਾਂ ਸੰਸਥਾਵਾਂ ਤੋਂ ਇਲਾਵਾ ਕੇਂਦਰੀ ਸਿੰਘ ਸਭਾ ਚੀਫ ਖਾਲਸਾ ਦੀਵਾਨ ਅਤੇ ਦਮਦਮੀ ਟਕਸਾਲ ਵਰਗੀਆਂ ਪੰਥ ਦੀਆਂ ਸੰਸਥਾਵਾਂ ਹਨ ਜਿਨ੍ਹਾਂ ਵੱਲੋਂ ਗੁਰਮਤਿ ਸੰਗੀਤ ਵਿਚ ਕੀਤੀਆਂ ਸੇਵਾਵਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਸਭ ਸੰਸਥਾਵਾਂ ਦੀਆਂ ਮਿਲਵੀਆਂ ਕੋਸ਼ਸ਼ਾਂ ਸਦਕਾ ਗੁਰਮਤਿ ਸੰਗੀਤ ਦੀਆਂ ਇਲਾਹੀ ਧੁਨਾਂ ਤਪਦੇ ਸੰਸਾਰ ਨੂੰ ਠਾਰਨ ਲਈ ਚੌਂਹ ਕੂਟਾਂ ਵਿਚ ਗੂੰਜਣ ਲੱਗ ਸਕਦੀਆਂ ਹਨ।

ਰੇਡੀਓ ਅਤੇ ਟੈਲੀਵੀਜਨ ਦੇ ਹੁਣ ਤੱਕ ਹੋਏ ਫੈਲਾਅ ਅਤੇ ਤੇਜ਼ੀ ਨਾਲ ਹੋ ਰਹੇ ਪਸਾਰ ਨੂੰ ਧਿਆਨ ਵਿਚ ਰੱਖਦਿਆਂ ਅਤੇ ਦੇਸ਼ ਤੇ ਬਦੇਸ਼ਾਂ ਵਿਚ ਗੁਰਦੁਵਾਰਿਆਂ ਦੀ ਵੱਧ ਰਹੀ ਗਿਣਤੀ ਦੇ ਮੱਦੇ ਨਜ਼ਰ ਚੰਗੇ ਅਤੇ ਚੋਟੀ ਦੇ ਗੁਰਮਤਿ ਸੰਗੀਤ ਅਚਾਰੀਆਂ ਦੀ ਭਾਰੀ ਗਿਣਤੀ ਦੀ ਲੋੜ ਮਹਿਸੂਸ ਹੋ ਰਹੀ ਹੈ। ਜਿਸ ਵੱਡੀ ਪੱਧਰ ਤੇ ਸਿਖ ਸੰਗਤਾਂ ਮੌਜੂਦਾ ਸਮੇਂ ਵਿਚ ਗੁਰਪੂਰਬ ਮਨਾਉਣ ਲੱਗੀਆ ਹਨ ਉਨ੍ਹਾਂ ਦੀਆਂ ਲੋੜਾਂ ਨੂੰ ਧਿਆਨ ਵਿਚ ਰਖਦੇ ਹੋਏ ਹੋਰ ਚੋਟੀ ਦੇ ਰਾਗੀਆਂ ਦੀ ਤਕੜੀ ਟੀਮ ਦੀ ਲੋੜ ਹੈ।

ਅਕਾਲੀਆਂ ਵੱਲੋਂ ਲਗਾਏ ਮੋਰਚਿਆਂ ਨੂੰ ਸਿਆਸੀ ਨੁਕਤਾ ਨਿਗਾਹ ਤੋਂ ਭਾਵੇਂ ਕੋਈ ਕਿੰਨਾਂ ਭੰਡੀ ਜਾਵੇ ਪ੍ਰੰਤੂ ਉਨ੍ਹਾਂ ਦੀ ਬਹੁਤ ਵੱਡੀ ਪ੍ਰਾਪਤੀ ਸੀ; ਹਰਿਮੰਦਰ ਸਾਹਿਬ ਤੋਂ ਸਵੇਰੇ ਸਾਢੇ ਚਾਰ ਤੋਂ ਛੇ ਵਜੇ ਤੱਕ ਅਤੇ ਸ਼ਾਮ ਨੂੰ ਪੰਜ ਤੋਂ ਸਾਢੇ ਪੰਜ ਵਜੇ ਵੀ ਤੇ ਫਿਰ ਛੇ ਵਜੇ ਤੱਕ ਗੁਰਬਾਣੀ ਵਿਚਾਰ ਦੇ ਪ੍ਰੋਗਰਾਮਾਂ ਨੂੰ ਅਕਾਸ਼-ਬਾਣੀ ਜਲੰਧਰ ਤੋਂ ਜਾਰੀ ਕਰਵਾਉਣਾ । ਹਰਿਮੰਦਰ ਸਾਹਿਬ ਤੋਂ ਰੀਲੇਅ ਹੋਣ ਵਾਲੇ ਇਸ ਇਲਾਹੀ ਕੀਰਤਨ ਨੂੰ, ਜਿਸ ਦਾ ਆਨੰਦ ਮਾਨਣ ਲਈ ਕਿਸੇ ਸਮੇਂ ਮਹਾਤਮਾ ਟੈਗੋਰ ਵਰਗੇ ਮਹਾਂਪੁਰਸ਼ ਚੌਕੜੀ ਮਾਰਕੇ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਬੈਠਿਆ ਕਰਦੇ ਸਨ ਲੱਖਾਂ ਲੋਕੀਂ, ਸਿੱਖ ਹਿੰਦੂ ਮੁਸਲਮਾਨ ਘਰ ਬੈਠਿਆਂ ਆਨੰਦ ਮਾਣ ਰਹੇ ਹਨ। ਪੰਜਾਬ ਹਾਈ ਕੋਰਟ ਦੇ ਇਕ ਹਿੰਦੂ ਵਕੀਲ ਦੀ ਕੋਠੀ ਵਿਚ ਹਰਿਮੰਦਰ ਸਾਹਿਬ ਤੋਂ ਸ਼ਾਮ ਨੂੰ ਹੋ ਰਹੇ ਕੀਰਤਨ ਦੀਆਂ ਧੁਨਾਂ ਵੱਜ ਰਹੀਆਂ ਸਨ। ਪੁੱਛਣ ਤੇ ਕਹਿਣ ਲੱਗੇ ਕਿ ਇਹ ਬਹੁਤ ਮਿੱਠਾ ਕੀਰਤਨ ਹੈ। ਉਹ ਰੋਜ਼ਾਨਾ ਹੀ ਇਹ ਸੰਗੀਤ ਸੁਣਦੇ ਹਨ। ਸਵੇਰੇ ਸੈਰ ਨੂੰ ਜਾਣ ਲੱਗਿਆਂ ਕਿੰਨੀਆਂ ਹੀ ਕੋਠੀਆਂ ਏਥੋਂ ਤੱਕ ਕਿ ਫੁਟਪਾਥਾਂ ਤੇ ਰਾਤ ਗੁਜ਼ਾਰਨ ਵਾਲੇ ਰਿਕਸ਼ਿਆਂ ਵਾਲੇ ਯੂ. ਪੀ, ਬਿਹਾਰ ਦੇ ਭਈਆਂ ਦੇ ਠਿਕਾਣਿਆਂ ਤੋਂ ਵੀ ਗੁਰਮਤਿ ਸੰਗੀਤ ਦੀਆਂ ਗੂੰਜਾਂ ਆ ਰਹੀਆਂ ਹੁੰਦੀਆਂ ਹਨ।

ਹਰਿਮੰਦਰ ਸਾਹਿਬ ਤੋਂ ਰੀਲੇਅ ਹੋਣ ਵਾਲੇ ਸਵੇਰੇ ਤੇ ਸ਼ਾਮ ਦੇ ਕੀਰਤਨ ਬਾਰੇ ਗੁਰਮਤਿ ਸੰਗੀਤ ਸੰਮੇਲਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਇਕ ਸਿਫਾਰਸ਼ ਇਹ ਕੀਤੀ

ਹੈ ਕਿ ਉਚ ਕੋਟੀ ਦੀ ਪਰੰਪਰਾ ਨਾਲ ਜੁੜੇ ਰਾਗੀ ਸਿੰਘਾਂ ਦੀ ਇਕ ਕਮੇਟੀ ਸਥਾਪਤ ਕੀਤੀ ਜਾਵੇ ਜੋ ਇਨ੍ਹਾਂ ਸਮਿਆਂ ਤੇ ਕੀਰਤਨ ਕਰਨ ਵਾਲੇ ਰਾਗੀ ਸਿੰਘਾਂ ਦੀ ਚੋਣ ਕਰੇ ਅਤੇ ਚੋਣ ਕਰਨ ਤੋਂ ਪਹਿਲਾਂ ਕਮੇਟੀ ਰਾਗੀ ਸਿੰਘਾਂ ਪਾਸੋਂ ਰਾਗ ਤੇ ਸ਼ਬਦ ਪਹਿਲਾਂ ਆਪ ਸੁਣੇ। ਨਿਰਸੰਦੇਹ ਇਹ ਸੁਝਾਅ ਬਹੁਤ ਚੰਗਾ ਹੈ। ਹਰਿਮੰਦਰ ਸਾਹਿਬ ਤੋਂ ਰੀਲੇ ਹੋ ਰਹੇ ਕੀਰਤਨ ਨੂੰ ਚੂੰਕਿ ਲੱਖਾਂ ਲੋਕੀਂ ਰੋਜ਼ਾਨਾ ਸੁਣਦੇ ਹਨ ਇਸ ਲਈ ਇਨ੍ਹਾਂ ਸਮਿਆਂ ਤੇ ਉਚ ਕੋਟੀ ਦੇ ਰਾਗੀਆਂ ਦੀ ਹੀ ਡਿਊਟੀ ਲਗਾਈ ਜਾਵੇ। ਗੁਰਮਤਿ ਸੰਗੀਤ ਦਾ ਜੋ ਪਰਚਾਰ ਸਿਆਣੇ ਢੰਗ ਨਾਲ ਅਕਾਸ਼ ਬਾਣੀ ਤੋਂ ਕੀਤਾ ਜਾ ਸਕਦਾ ਹੈ ਉਹ ਲੱਖਾਂ ਰੁਪਏ ਖਰਚ ਕੇ ਵੀ ਨਹੀਂ ਕੀਤਾ ਜਾ ਸਕਦਾ। ਵੱਡਾ ਟਰਾਂਸਮੀਟਰ ਲੱਗਣ ਪਰ ਜਿਵੇਂ ਇਹ ਤਜਵੀਜ ਭਾਰਤ ਸਰਕਾਰ ਸੂਚਨਾ ਅਤੇ ਪਰਸਾਰਨ ਮੰਤਰਾਲੇ ਦੇ ਵਿਚਾਰ ਗੋਚਰੇ ਹੈ ਵਿਦੇਸ਼ਾਂ ਵਿਚ ਬੈਠੇ ਗੁਰੂ ਪੰਥ ਦੇ ਲੱਖਾਂ ਸ਼ਰਧਾਲੂ ਇਲਾਹੀ ਕੀਰਤਨ ਦਾ ਆਨੰਦ ਮਾਣ ਸਕਣਗੇ।

□

# ਗੁਰਮਤਿ, ਸੰਗੀਤ ਅਤੇ ਗੁਰਬਾਣੀ ਕੀਰਤਨ

—ਡਾ. ਕੁਲਦੀਪ ਸਿੰਘ 'ਧੀਰ'

ਸੰਗੀਤ ਅਧਿਆਤਮਕ ਸਾਧਨਾ ਤੇ ਧਰਮ ਪ੍ਰਚਾਰ ਦਾ ਇਕ ਮਹੱਤਵ ਪੂਰਨ ਅੰਗ ਹੈ। ਧਰਮ ਤੇ ਸੰਗੀਤ ਦਾ ਨਾਤਾ ਬੜਾ ਪੁਰਾਣਾ ਹੈ। ਗੁਰਮਤਿ ਵਿਚ ਵੀ ਹਰਿ ਕੀਰਤਨ ਨੂੰ ਅਟਲ ਧਰਮ ਕਿਹਾ ਗਿਆ ਹੈ। ਗੁਰੂ ਵਾਕ ਹੈ :

ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥ (ਥਿਤੀ ਗਉੜੀ ਮ. ੫)

ਮਨ ਵਿਚ ਨਾਮ ਵਸਾਣ ਲਈ ਦੋ ਜੁਗਤਾਂ ਗੁਰੂ ਮਹਾਰਾਜ ਨੇ ਦੱਸੀਆਂ ਹਨ— ਸਿਮਰਨ ਤੇ ਕੀਰਤਨ। ਸਿਮਰਨ ਨਿਜੀ ਅਭਿਆਸ ਨਾਲ ਹੁੰਦਾ ਹੈ। ਚਿਤ ਬ੍ਰਿਤੀਆਂ ਨੂੰ ਇਸੇ ਪਾਸੇ ਲਾਉਣਾ ਤੇ ਮਨ ਇਕਾਗਰ ਕਰਨਾ ਮੁਸ਼ਕਲ ਹੈ। ਕੀਰਤਨ ਦਾ ਅਸਰ ਸਿੱਧਾ ਮਨ ਉਤੇ ਪੈਂਦਾ ਹੈ। ਇਸ ਨਾਲ ਸਿੱਧਾ ਸ਼ਬਦ ਦੇ ਸੰਪਰਕ ਵਿਚ ਆਈਦਾ ਹੈ। ਸੰਗੀਤ, ਮਨ ਨੂੰ ਦ੍ਰਵਿਤ ਕਰਕੇ ਸ਼ਬਦ ਦੇ ਪ੍ਰਭਾਵ ਹੇਠ ਲੈ ਆਉਂਦਾ ਹੈ। ਇਸ ਲਈ ਭਗਤੀ ਦਾ ਸੌਖਾ ਢੰਗ ਹਰੀ ਕੀਰਤਨ ਹੈ।

ਗੁਰਬਾਣੀ ਵਿਚ ਕਾਵਿ ਤੇ ਸੰਗੀਤ ਨੂੰ ਇਕ-ਸੁਰਤਾ ਪ੍ਰਦਾਨ ਕੀਤੀ ਗਈ ਹੈ। ਸੱਚੇ-ਸੁਚੇ ਆਧਆਤਮਕ ਵਿਚਾਰਾਂ ਨੂੰ ਕਾਵਿ ਰੂਪ ਦੇਣ ਸਮੇਂ ਉਨ੍ਹਾਂ ਨੂੰ ਸੰਗੀਤ ਬੱਧ ਵੀ ਕਰ ਦਿੱਤਾ ਹੈ। ਇਸ ਨਾਲ ਵਿਚਾਰਾਂ ਦਾ ਪ੍ਰਭਾਵ ਤੀਖਣ ਤੇ ਤੁਰਤ ਹੁੰਦਾ ਹੈ। ਸੱਜਣ ਠੱਗ ਤੇ ਕੌਡੇ ਰਾਖਸ਼ ਵਰਗੇ ਵਿਅਕਤੀ ਗੁਰਬਾਣੀ ਕੀਰਤਨ ਦੇ ਜਾਦੂਮਈ ਅਸਰ ਨਾਲ ਸਿੱਧੇ ਰਸਤੇ ਆਏ। ਗੁਰੂ ਘਰ ਵਿਚ ਕੀਰਤਨ ਨਿਰੰਤਰ ਧਰਮ ਪ੍ਰਚਾਰ ਦਾ ਅੰਗ ਰਿਹਾ ਹੈ। ਭਾਈ ਗੁਰਦਾਸ ਇਸ ਗੱਲ ਦੇ ਗਵਾਹ ਹਨ ਕਿ ਗੁਰੂ ਨਾਨਕ ਜੀ ਜਦੋਂ ਬਗਦਾਦ ਗਏ, ਉਦੋਂ ਵੀ ਰਬਾਬੀ ਮਰਦਾਨਾ ਉਨ੍ਹਾਂ ਦੇ ਨਾਲ ਸੀ :

ਫਿਰ ਬਾਬਾ ਗਿਆ ਬਗਦਾਦ ਨੋ ਬਾਹਰ ਜਾਇ ਕੀਆ ਅਸਥਾਨਾ ॥
ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ॥

ਸਾਰੀ ਬਾਣੀ ਰਾਗਾਂ ਵਿਚ ਹੈ। ਰਾਗ ਦਾ ਮੁਢਲਾ ਅਰਥ ਹੈ ਹੀ ਪ੍ਰੇਮ ' ਗੁਰਬਾਣੀ ਦੀ ਬੋਲੀ ਪ੍ਰੇਮ ਦੀ ਬੋਲੀ ਹੈ। ਇਸ ਵਿਚ ਮਾਤਰਾਵਾਂ ਦੀ ਥਾਂ ਰਾਗਾਤਮਕਤਾ ਦਾ ਧਿਆਨ ਵਧੇਰੇ ਰੱਖਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਬਾਣੀ ਇਕੱਤੀ ਮੁਖ ਰਾਗਾਂ ਵਿਚ ਵੰਡੀ ਹੋਈ ਹੈ ਤੇ ਇਸ ਕ੍ਰਮ ਵਿਚ ਦਰਜ ਹੈ : ੧, ਸਿਰੀ ੨. ਮਾਝ ੩. ਗਉੜੀ ੪. ਆਸਾ ੫. ਗੁਜਰੀ ੬. ਦੇਵ ਗੰਧਾਰੀ ੭. ਬਿਹਾਗੜਾ ੮. ਵਡਹੰਸ ੯. ਸੋਰਠ ੧੦. ਧਨਾਸਰੀ ੧੧. ਜੈਤਸਰੀ ੧੨. ਟੋਡੀ ੧੩. ਬੈਰਾੜੀ ੧੪. ਤਿਲੰਗ ੧੫. ਸੂਹੀ ੧੬. ਬਿਲਾਵਲ ੧੭. ਗੋਂਡ ੧੮. ਰਾਮਕਲੀ ੧੯ ਨਟ ਨਾਰਾਇਣ ੨੦. ਮਾਲੀ ਗਾਉੜਾ ੨੧, ਮਾਰੂ ੨੨, ਤੁਖਾਰੀ ੨੩. ਕੇਦਾਰਾ ੨੪. ਭੈਰਉ

੨੫. ਬਸੰਤ ੨੬. ਸਾਰੰਗ ੨੭. ਮਲਾਰ ੨੮. ਕਾਨੜਾ ੨੯. ਕਲਿਆਨ ੩੦ ਪ੍ਰਭਾਤੀ ੩੧. ਜੈਜੈਵੰਤੀ।

ਗੁਰਬਾਣੀ ਦਾ ਪਹਿਲਾ ਰਾਗ ਸਿਰੀ ਰਾਗ ਰੱਖਣ ਦੀ ਗੱਲ ਵੀ ਰਮਜ਼ ਭਰੀ ਹੈ। ਸੁਆਮੀ ਦਿਆਨੰਦ ਨੂੰ ਵੀ ਇਹ ਰਮਜ਼ ਸਮਝ ਨਹੀਂ ਆਈ ਲਗਦੀ। ਇਸੇ ਲਈ ਉਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਰਾਗ ਬੱਧ ਬਾਣੀ ਰਾਤ ਦੇ ਰਾਗ ਸਿਰੀਰਾਗ ਤੋਂ ਅਰੰਭ ਕਰਨ ਦੀ ਗੱਲ ਓਪਰੀ ਲੱਗਦੀ ਹੈ। ਅਗਿਆਨ ਦੀ ਹਨੇਰੀ ਰਾਤ ਵਿਚ ਚਾਨਣ ਦੇ ਪਹਿਲੇ ਬੋਲ ਗੁਰੂ ਬਾਬੇ ਨੇ ਕਹੇ ਇਸੇ ਵਿਚੋਂ ਅਖੀਰ ਉਸ਼ਾ ਦੀ ਲਾਲੀ ਪੈਦਾ ਹੁੰਦੀ ਦਿਸੀ। ਇਸ ਅਗਿਆਨ ਹਨੇਰੇ ਨੂੰ ਕਟਣ ਲਈ ਹੀ ਅਕਾਲ ਪੁਰਖ ਅੱਗੇ ਨਾਮ ਦੀ ਰੋਸ਼ਨੀ ਦੀ ਬਖਸ਼ਿਸ਼ ਮੰਗੀ ਗਈ ਹੈ। ਸਿਰੀ ਰਾਗ ਦਾ ਪਹਿਲੇ ਸ਼ਬਦ ਦੇ ਮੁਢਲੇ ਬੋਲ ਇਸ ਪ੍ਰਕਾਰ ਹਨ :—

ਮੋਤੀ ਤ ਮੰਦਰ ਉਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖ ਭੂਲਾ ਵੀਸਰੇ ਤੇਰਾ ਚਿਤਿ ਨ ਆਵੈ ਨਾਉ ॥
ਹਰਿ ਬਿਨੁ ਜੀਉ ਜਲਿ ਬਲ ਜਾਉ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੂਹ ਰਾਗਾਂ ਵਿਚ, ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ਤੇ ਪਿਛੋਂ ਹੋਰ ਗੁਰੂਆਂ ਦੀ। ਹਰ ਸ਼ਬਦ ਦੇ ਸਿਰਲੇਖ ਵਿਚ ਮਹਲਾ ਅਤੇ ਉਸ ਨਾਲ ਅੰਕ ੧ ੨, ੩. ੪ ੫, ਜਾਂ ੯ ਹੈ। ਇਸ ਤੋਂ ਪਤਾ ਲਗਦਾ ਹੈ ਕਿ ਇਹ ਕਿਹੜੇ ਗੁਰੂ ਦੀ ਬਾਣੀ ਹੈ। ਬਾਣੀ ਪਹਿਲਾਂ ਦੁਪਦੇ, ਤਿਪਦੇ ਅਨੁਸਾਰ ਤੇ ਫਿਰ ਤਾਲ ਅਨੁਸਾਰ ਤਰਤੀਬੀ ਗਈ ਹੈ। ਜਿਵੇਂ ੧, ਘਰਿ ੨—ਆਦਿ ਤੇ ਫਿਰ ਅਸ਼ਟਪਦੀਆਂ। ਫਿਰ ਸੋਲਹੇ ਭਾਵ ੧੬ ਜਾਂ ਵਧੀਕ ਪਉੜੀਆਂ ਦੇ ਸ਼ਬਦ ਫਿਰ ਛੰਤ ਅਤੇ ਖਾਸ ਬਾਣੀਆਂ। ਫਿਰ ਜੇ ਕੋਈ ਵਾਰ ਹੈ ਤਾਂ ਉਹ ਅਤੇ ਫਿਰ ਭਗਤ ਬਾਣੀ। ਇਕੋ ਰਾਗ ਦੇ ਅੰਤਰਗਤ ਆਏ ਸਾਰੇ ਭੇਦ ਵੀ ਇਕੋ ਥਾਏਂ ਹੀ ਦਰਜ ਹਨ। ਰਾਗ ਗਉੜੀ ਹੀ ਦੇਖੋ। ਗੁਰੂ ਨਾਨਕ ਦੇਵ ਜੀ ਦਾ ਪਹਿਲਾ ਸ਼ਬਦ ਗਉੜੀ ਗਵਾਰੇਰੀ ਵਿਚ ਹੈ। ਇਸੇ ਰਾਗ ਵਿਚ ਫਿਰ ਗਉੜੀ ਚੇਤੀ, ਗਉੜੀ ਬੈਰਾਗਣ ਤੇ ਗਉੜੀ ਪੂਰਬੀ ਦੀਪਕੀ ਵਿਚ ਹੋਰ ਬਾਣੀ ਦਰਜ ਹੈ।

ਰਾਗਾਂ ਦੇ ਗਾਣ ਦਾ ਸਮਾਂ ਤੇ ਮੌਸਮ ਦੀ ਵੀ ਪਰੰਪਰਾ/ਮਰਯਾਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਕਈ ਰਾਗ ਮਧ ਏਸ਼ੀਆਂ ਤੇ ਮੁਸਲਮਾਨੀ ਮੁਲਕਾਂ ਤੋਂ ਲਿਆਂਦੇ ਜਿਵੇਂ ਆਸਾ, ਤਿਲੰਗ ਤੇ ਸੂਹੀ। ਬਸੰਤ, ਮਾਘੀ ਤੋਂ ਸ਼ੁਰੂ ਹੁੰਦਾ ਹੈ ਚੇਤ ਵਿਚ ਸਮਾਪਤ ਹੋ ਜਾਂਦਾ ਹੈ। ਸਾਰੰਗ ਵਿਸਾਖ ਦੇ ਅਧ ਤੋਂ ਹਾੜ ਦੇ ਅੰਤ ਤਕ ਗਾਇਆ ਜਾਂਦਾ ਹੈ। ਸਾਉਣ ਤੇ ਭਾਦੋਂ ਵਿਚ ਮਲ੍ਹਾਰ ਗਾਇਆ ਜਾਂਦਾ ਹੈ। ਰਾਮਕਲੀ ਜੋਗੀਆਂ ਦਾ ਰਾਗ ਹੈ।

ਗੁਰੂ ਨਾਨਕ ਜੀ ਨਾਲ ਉਮਰ ਭਰ ਮਰਦਾਨਾ ਰਬਾਬੀ ਰਿਹਾ। ਰਬਾਬ ਗੁਰੂ ਘਰ

ਵਿਚ ਕੀਰਤਨ ਦਾ ਪ੍ਰਥਮ ਸਾਜ਼ ਹੈ ਰਬਾਬ ਸ਼ਬਦ ਦਾ ਮੁਢਲਾ ਨਾਤਾ ਰੁਬ ਸ਼ਬਦ ਨਾਲ ਜੁੜਦਾ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਰੁਬ ਇਕ ਐਸਾ ਮੁਰਕਬ ਸੀ ਜੋ ਅਨਾਰ ਤੇ ਅੰਗੂਰ ਦੇ ਰਸ ਨੂੰ ਘੰਟਿਆਂ ਬਧੀ ਕਾਹੜ-ਕਾਹੜ ਕੇ ਮਿਲਦਾ ਸੀ। ਇਹ ਜੀਵਨ ਦਾਨ ਦੇਣ ਵਾਲੀ ਤਾਕਤਵਰ ਚੀਜ਼ ਸੀ। ਗਾੜ੍ਹੀ, ਕੀਮਤੀ, ਆਨੰਦ ਮਈ, ਅਰਕਾਂ ਦੀ ਅਰਕ। ਰਬਾਬ ਦਾ ਸੰਗੀਤ ਵੀ ਮਨ ਨੂੰ ਤਾਕਤ ਤੇ ਆਨੰਦ ਦੇਣ ਵਾਲਾ ਹੀ ਮੰਨਿਆ ਜਾਂਦਾ ਹੈ। ਰਬ ਤੇ ਬਾਬ ਦੋ ਅਖਰਾਂ ਵਿਚ ਤੋੜ ਕੇ ਇਸ ਦਾ ਅਰਥ ਕਰੀਏ ਤਾਂ ਰਬਾਬ ਨਾਲ ਹੋਣ ਵਾਲੇ ਕੀਰਤਨ ਦੇ ਅਰਥ ਹੋਰ ਵੀ ਅਰਥ ਭਰਪੂਰ ਲਗਦੇ ਹਨ। ਰੱਬ ਦੇ ਦਰਬਾਰ ਦਾ ਦਰਵਾਜ਼ਾ (ਬਾਬ), ਰਬਾਬੀ ਲਈ ਸਦਾ ਖੁਲ੍ਹਾ ਹੈ। ਸ਼ਾਇਦ ਇਹੀ ਕਾਰਨ ਸੀ ਕਿ ਰਬਾਬ ਗੁਰੂ ਨਾਨਕ ਦੇਵ ਜੀ ਦੀ ਮਿਹਰ ਦੀ ਪਾਤਰ ਬਣੀ।

ਗੁਰੂ ਕਾਲ ਵਿਚ ਸੰਗੀਤ ਦੀ ਰਾਗ ਰਾਗਨੀ ਪਰਿਵਾਰ ਪਧਤੀ ਕਾਫੀ ਜ਼ੋਰਾਂ ਤੇ ਸੀ। ਇਸ ਵਿਚ ਰਾਗਾਂ, ਰਾਗਣੀਆਂ, ਉਨ੍ਹਾਂ ਦੇ ਪੁੱਤਰਾਂ ਧੀਆਂ ਆਦਿ ਨੂੰ ਪਰਿਵਾਰ ਦੇ ਰੂਪ ਵਿਚ ਕਲਪਿਤ ਕੀਤਾ ਜਾਂਦਾ ਸੀ। ਗੁਰਬਾਣੀ ਵਿਚ ਰਾਗ ਰਤਨ ਪਰਿਵਾਰ ਪਰੀਆ ਜਹੇ ਸੰਕੇਤ ਇਸ ਗੱਲ ਨੂੰ ਸਪਸ਼ਟ ਕਰਦੇ ਹਨ ਜਿਥੇ ਦੇ ਆਪ ਵਿਚਲੇ ਰਿਸ਼ਤੇ ਇਉਂ ਅੰਕਿਤ ਹਨ :

**ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥**
**ਸਭੈ ਪੁਤਰ ਰਾਗਨ ਕੇ ਅਠਾਰਾ ਦਸ ਬੀਸ ॥**

ਖਸਟ ਭਾਵ ਛੇ ਪ੍ਰਮੁੱਖ ਰਾਗਾਂ, ਤੀਹ ਰਾਗਣੀਆ ਤੇ ਇਨ੍ਹਾਂ ਦੇ ਅਠਾਰਾਂ, ਦਸ ਤੇ ਵੀਹ—ਕੁਲ ਅਠਤਾਲੀ ਪੁਤਰ। ਰਾਗ ਪਰਿਵਾਰ ਦੀ ਕੁਲ ਗਿਣਤੀ ਉਕਤ ਵੇਰਵੇ ਅਨੁਸਾਰ ਚੁਰਾਸੀ ਬਣਦੀ ਹੈ।

ਪ੍ਰਤੀਤ ਹੁੰਦਾ ਹੈ ਕਿ ਸੰਗੀਤ ਦੀ ਇਸ ਲੋਕ ਪ੍ਰਿਯ ਪਰਿਵਾਰ ਪਧਤੀ ਦੀ ਪੂਰੀ ਜਾਣਕਾਰੀ ਦੇ ਬਾਵਜੂਦ ਗੁਰੂ ਮਹਾਰਾਜ ਨੇ ਇਸ ਪਧਤੀ ਨੂੰ ਸਵੀਕਾਰ ਨਹੀਂ ਕੀਤਾ। ਰਾਗ ਸੂਹੀ, ਗੂਜਰੀ, ਜੈਜੈਵੰਤੀ, ਰਾਮਕਲੀ ਆਦਿ ਇਸਤਰੀ ਲਿੰਗ ਰਾਗ ਹਨ, ਪਰ ਗੁਰੂ ਸਾਹਿਬਾਂ ਨੇ ਇਨ੍ਹਾਂ ਲਈ ਵੀ ਰਾਗ ਸ਼ਬਦ ਹੀ ਵਰਤਿਆ ਹੈ, ਰਾਗਣੀ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਵੀ ਰਾਗਣੀ ਸੂਹੀ, ਰਾਗਣੀ ਰਾਮਕਲੀ ਨਹੀਂ ਰਾਗ ਸੂਹੀ ਤੇ ਰਾਗ ਰਾਮਕਲੀ ਹੀ ਲਿਖਿਆ ਗਿਆ ਹੈ। ਇਹ ਵੀ ਨਹੀਂ ਕਿ ਗੁਰੂ ਸਾਹਿਬ ਨੂੰ ਇਨ੍ਹਾਂ ਰਾਗਾਂ ਦੇ ਇਸਤਰੀ ਲਿੰਗ ਹੋਣ ਬਾਰੇ ਪਤਾ ਨਹੀਂ ਸੀ, ਕਿਉਂ ਜੁ ਇਸ ਰੂਪ ਬਾਰੇ ਵੀ ਸੰਕੇਤ ਗੁਰਬਾਣੀ ਵਿਚ ਮਿਲਦੇ ਹਨ। ਜਿਵੇਂ ਗਉੜੀ ਰਾਗ ਬਾਰੇ ਇਹ ਸੰਕੇਤ :

**ਗਉੜੀ ਰਾਗ ਸੁਲਖਣੀ ॥**
**ਜੇ ਖਸਮੈ ਚਿਤਿ ਕਰੇਇ ॥** (ਆਦਿ ਗ੍ਰੰਥ ਪੰਨਾ ੩੧੧)

ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਗੁਰੂਆਂ ਨੇ ਰਾਗ ਪਧਤੀ ਨੂੰ ਸਵੀਕਾਰ ਨਹੀਂ ਕੀਤਾ। ਉਂਜ ਵੀ ਰਾਗ ਪਧਤੀ ਵਿਰੁੱਧ ਆਵਾਜ਼ ਉਨੀਵੀਂ ਸਦੀ ਵਿਚ ਉਠਣ

ਲੱਗ ਪਈ ਸੀ ਤੇ ਇਹ ਪਧਤੀ ਹੌਲੀ ਹੌਲੀ ਖਤਮ ਹੋ ਗਈ। ਗੁਰੂ ਸਾਹਿਬਾਨ ਨੇ ਇਸ ਪਧਤੀ ਨੂੰ ਪਹਿਲਾਂ ਹੀ ਰੱਦ ਕਰ ਦਿੱਤਾ।

ਸੰਗੀਤ ਬਾਰੇ ਇਕ ਹੋਰ ਮਹੱਤਵ ਪੂਰਨ ਗੱਲ ਇਹ ਹੈ ਕਿ ਮੱਧ ਕਾਲੀ ਭਾਰਤ ਵਿਚ ਸੰਗੀਤ ਦੀਆਂ ਦੋ ਅੱਡ ਅੱਡ ਪੱਧਤੀਆਂ ਆਮ ਪ੍ਰਚਲਤ ਸਨ: ਉੱਤਰੀ ਜਾਂ ਹਿੰਦੁਸਤਾਨੀ ਅਤੇ ਦੱਖਣੀ ਜਾਂ ਕਰਨਾਟਕ। ਸਮਾਂ ਪੈਣ ਨਾਲ ਇਹ ਅਸਲੋਂ ਅਡ ਤੇ ਦੂਰ ਹੁੰਦੀਆਂ ਗਈਆਂ। ਗੁਰੂ ਸਾਹਿਬਾਨ ਨੇ ਇਨ੍ਹਾਂ ਦੋਹਾਂ ਵਿਚ ਸੁਮੇਲ ਸਥਾਪਤ ਕਰਨ ਦਾ ਯਤਨ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਰਾਗਾਂ ਨਾਲ ਦੱਖਣੀ ਸ਼ਬਦ ਵਿਸ਼ੇਸ਼ ਰੂਪ ਵਿਚ ਵਰਤਿਆ ਗਿਆ ਹੈ। ਇਥੇ ਮਾਰੂ ਰਾਗ ਵੀ ਹੈ ਤੇ ਮਾਰੂ ਦੱਖਣੀ ਵੀ। ਸਪਸ਼ਟ ਹੈ ਕਿ ਗੁਰੂ ਜੀ ਨੂੰ ਦੋਹਾਂ ਪਧਤੀਆਂ ਬਾਰੇ ਪੂਰਾ ਗਿਆਨ ਸੀ।

ਇਸ ਵਿਚ ਸ਼ੱਕ ਨਹੀਂ ਕਿ ਪ੍ਰੇਮ ਦੇ ਵਜਦ ਵਿਚ ਗੁਰਬਾਣੀ ਦਾ ਗਾਇਕ ਉਸ ਦੇ ਦਰ ਤੇ ਪ੍ਰਵਾਨ ਹੈ. ਕਿਉਂ ਕਿ ਗੁਰਵਾਕ ਹੈ:

**ਕੀਰਤਿ ਪ੍ਰਭੂ ਕੀ ਗਾਉ ਮੇਰੀ ਰਸਨਾ॥** ਆਦਿ ਗ੍ਰੰਥ ਪੰ. ੧੩੯੮)

ਪਰੰਤੂ ਗੁਰਬਾਣੀ ਕੀਰਤਨ ਦੇ ਸਾਰੇ ਰਸੀਏ ਇਸ ਗੱਲੇ ਸਹਿਮਤ ਹਨ ਕਿ ਗੁਰਬਾਣੀ ਦੇ ਕਿਸੇ ਸ਼ਬਦ ਦੇ ਗਾਇਨ ਦਾ ਪੂਰਾ ਆਤਮਿਕ ਪ੍ਰਭਾਵ ਤਾਂ ਹੀ ਬਣਦਾ ਹੈ ਜੇ ਗਾਇਆ ਸ਼ਬਦ ਉਸੇ ਰਾਗ ਵਿਚ ਹੋਵੇ, ਜਿਸ ਵਿਚ ਉਹ ਰਚਿਆ ਗਿਆ ਹੈ। ਸ਼ਬਦ ਗਾਇਨ ਤੇ ਸ਼ਬਦ ਕੀਰਤਨ ਵਿਚ ਵੀ ਸੂਖਮ ਜਿਹਾ ਅੰਤਰ ਅਨੁਭਵੀ ਸੱਜਣ ਕਰਦੇ ਹਨ। ਅਤੇ ਸ਼ਬਦ ਕੀਰਤਨ ਉਹ ਜਿਸ ਵਿਚ ਸ਼ਬਦ ਵਿਚ ਆਏ ਭਾਵਾਂ ਦੀ ਪ੍ਰਮਾਣਾਂ ਨਾਲ ਸ਼ਬਦ ਗਾਇਣ ਤਾਂ ਉਹ ਹੈ ਜਿਸ ਵਿਚ ਟੁਟਵੇਂ ਸ਼ਬਦ ਗਾਏ ਜਾਂਦੇ ਹਨ। ਵਿਆਖਿਆ ਕਰ ਕੇ ਉਨ੍ਹਾਂ ਨੂੰ ਸੰਗਤ ਦੇ ਮਨ ਵਿਚ ਦ੍ਰਿੜ੍ਹ ਕਰਵਾਇਆ ਜਾਂਦਾ ਹੈ। ਸ਼ਬਦ ਕੀਰਤਨ ਗਾਵਿਆ ਸੁਣਿਆ ਤਾਂ ਹੀ ਪ੍ਰਵਾਨ ਹੈ ਜੇ ਪ੍ਰੇਮ ਨਾਲ ਕੀਤਾ ਜਾਏ, ਸੱਚੇ ਦਿਲ ਨਾਲ। ਗੁਰਵਾਕ ਹੈ:

**ਗਾਵੀਐ ਸੁਣੀਐ ਮਨ ਰਖੀਐ ਭਾਉ॥**

ਇਸ ਤੋਂ ਬਿਨ੍ਹਾਂ ਤਾਂ ਉਹੀ ਗੱਲ ਹੋਵੇਗੀ ਜਿਸ ਬਾਰੇ ਬਾਣੀ ਕਹਿੰਦੀ ਹੈ:

**ਕੋਈ ਗਾਵੈ ਰਾਗੀ ਨਾਦੀ ਬਹੁ ਭਾਂਤ ਕਰਿ॥**
**ਨਹੀਂ ਹਰਿ ਹਰਿ ਭੀਜੈ ਰਾਮ ਰਾਜੇ॥**
**ਜਿਨਾ ਅੰਤਰਿ ਕਪਟੁ ਵਿਕਾਰੁ ਹੈ**
**ਤਿਨਾ ਰੋਇ ਕਿਆ ਕੀਜੈ॥** (ਆਸਾ ਮ. ੪, ਛੰਤ)

ਸ੍ਰੋਤਾ ਤੇ ਕੀਰਤਨ ਕਰਨ ਵਾਲੇ ਦੋਵੇਂ ਇਸ ਪ੍ਰਤਿ ਚੇਤੰਨ ਹੋਣੇ ਚਾਹੀਦੇ ਹਨ। ਜਿਥੇ ਸ੍ਰੋਤਿਆਂ ਨੂੰ ਇਕਾਗਰ ਮਨ ਨਾਲ ਕੀਰਤਨ ਸੁਣਨ ਦਾ ਯਤਨ ਕਰਨਾ ਚਾਹੀਦਾ ਹੈ, ਕੀਰਤਨ ਕਰਨ ਵਾਲੇ ਸੱਜਣਾਂ ਨੂੰ ਵੀ ਚਾਹੀਦਾ ਹੈ ਕਿ ਉਹ ਬਾਜ਼ਾਰੀ ਗੀਤਾਂ ਤੇ ਸਿਨੇਮਿਆਂ ਦੀ ਤਰਜ਼ ਤੇ ਸ਼ਬਦ ਨਾ ਗਾਉਣ। ਅਜੇਹੀ ਹਾਲਾਤ ਵਿਚ ਮਨ ਗੁਰ ਸ਼ਬਦ

ਨਾਲ ਨਹੀਂ ਜੁੜ ਸਕਦਾ, ਦੁਨਿਆਵੀ ਰੰਗ ਤਮਾਸ਼ਿਆਂ ਵਲ ਹੀ ਭਟਕੇਗਾ।

ਗੁਰਮਤਿ ਸੰਗੀਤ ਪਧਤੀ ਸ਼ਬਦ ਪ੍ਰਧਾਨ ਹੈ, ਰਾਗ ਪ੍ਰਧਾਨ ਨਹੀਂ ਇਸ ਵਿਚ ਮੁਢਲਾ ਜ਼ੋਰ ਹਰੀ ਗੁਣ ਗਾਇਣ ਤੇ ਹੈ, ਰਾਗ ਤੇ ਨਹੀਂ। ਭਾਵ ਇਹ ਕਿ ਰਾਗ ਨੂੰ ਰਾਗ ਦੇ ਤੌਰ ਤੇ ਨਹੀਂ, ਪ੍ਰਭੂ ਉਸਤਤ ਦੇ ਜ਼ਰੀਏ ਦੇ ਰੂਪ ਵਿਚ ਹੀ ਸਵੀਕਾਰ ਕੀਤਾ ਗਿਆ ਹੈ। ਇਹ ਗੱਲ ਉਸ ਪੁਰਾਣੇ ਰਵਈਏ ਦੇ ਉਲਟ ਹੈ ਜਿਸ ਵਿਚ ਗਾਇਕ ਥੋੜ੍ਹੇ ਜਹੇ ਬੋਲਾਂ ਨੂੰ ਹੀ ਕਿੰਨਾ ਕਿੰਨਾ ਚਿਰ ਦੁਹਰਾਈ ਜਾਂਦੇ। ਇਸ ਤਰ੍ਹਾਂ ਕਰਨ ਨਾਲ ਸੰਗੀਤ ਤੇ ਰਾਗ ਪ੍ਰਮੁੱਖ ਹੋ ਜਾਂਦੇ ਅਤੇ ਸ਼ਬਦ ਦੇ ਬੋਲ ਲਗਭਗ ਨਿਰਰਥਕ ਹੋ ਜਾਂਦੇ। ਗੁਰਬਾਣੀ ਕੀਰਤਨ ਵਿਚ ਪ੍ਰਮੁੱਖਤਾ ਭਾਵਾਂ ਦੇ ਸੰਚਾਰ ਨੂੰ ਦੇਣ ਦਾ ਵਿਧਾਨ ਹੈ। ਇਸ ਲਈ ਉਚਿਤ ਤਾਂ ਇਹੀ ਹੈ ਕਿ ਹਰ ਸ਼ਬਦ ਦਾ ਗਾਇਨ ਰਹਾਉ ਵਾਲੀ ਤੁਕ ਨੂੰ ਸਥਾਈ ਬਣਾ ਕੇ ਕੀਤਾ ਜਾਵੇ। ਸੰਗੀਤ ਦੇ ਬਹੁਤੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਗੁਰਮਤ ਸੰਗੀਤ ਪਰੰਪਰਾ ਵਿਚ ਗਾਇਨ ਦਾ ਆਧਾਰ ਰਹਾਉ ਦੀ ਤੁਕ ਹੀ ਹੋ ਸਕਦੀ ਹੈ ਕਿਉਂ ਜੁ ਇਸ ਵਿਚ ਸਾਰੇ ਸ਼ਬਦ ਦਾ ਸਿਧਾਂਤ ਅਤੇ ਕੇਂਦਰੀ ਖਿਆਲ ਆ ਜਾਂਦਾ ਹੈ। ਇਸ ਪ੍ਰਕਾਰ ਸੰਗੀਤ ਰਸੀਆਂ ਲਈ ਰਹਾਉ ਦਾ ਅਰਥ ਟੇਕ ਕਰਨਾ ਜਾਂ ਸਥਾਈ ਹੋ ਨਿਬੜਦਾ ਹੈ। ਉਂਞ ਜਿਥੇ ਕਿਤੇ ਪਹਿਲੇ ਰਹਾਉ ਨਾਲੋਂ ਵਿਚਾਰਾਂ ਵਿਚ ਕੋਈ ਪਲਟਾ ਆਇਆ ਹੈ, ਉਥੇ ਗੁਰੂ ਸਾਹਿਬ ਨੇ ਨਵਾਂ ਰਹਾਉ ਦਿੱਤਾ ਹੈ। ਇਕੋ ਸ਼ਬਦ ਵਿਚ ਇਕ ਤੋਂ ਵਧੇਰੇ ਰਹਾਉ ਵਰਤ ਕੇ ਟੇਕ ਨੂੰ ਬਦਲਣਾ ਗੁਰਮਤ ਸੰਗੀਤ ਪਧਤੀ ਦਾ ਇਕ ਨਿਰਾਲਾ ਲੱਛਣ ਹੈ। ਜਿਥੇ ਰਹਾਉ ਨਾ ਹੋਵੇ, ਉਥੇ ਸ਼ਬਦ ਦੇ ਕੇਂਦਰੀ ਭਾਵ ਨੂੰ ਪ੍ਰਗਟ ਕਰਨ ਵਾਲੀ ਤੁਕ ਟੇਕ ਦੇ ਰੂਪ ਵਿਚ ਆਪ ਲੱਭ ਕੇ ਉਸ ਨੂੰ ਸਥਾਈ ਬਣਾਉਣ ਦਾ ਯਤਨ ਸਾਰਥਕ ਹੋਵੇਗਾ।

ਗੁਰਮਤ ਸੰਗੀਤ ਪਧਤੀ ਬਾਰੇ ਇਹ ਵਿਚਾਰ ਗੁਰਬਾਣੀ ਵਿਚ ਆਏ ਸੰਕੇਤ ਘਰੁ ਬਾਰੇ ਚਰਚਾ ਤੋਂ ਬਿਨਾਂ ਅਧੂਰੀ ਪ੍ਰਤੀਤ ਹੁੰਦੀ ਹੈ। 'ਸ਼ਬਦਾਰਥ' ਵਿਚ ਘਰੁ ਤਾਲ ਜਾਂ ਸੁਰ ਦੇ ਟਿਕਾਣੇ ਦਾ ਨੰਬਰ ਮੰਨਿਆ ਗਿਆ ਹੈ। ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿਚ ਘਰੁ ਸ਼ਬਦ ਦੇ ਦੋ ਅਰਥ ਦੱਸੇ ਹਨ। ਇਕ ਤਾਲ ਤੇ ਦੂਸਰਾ ਸਵਰ ਤੇ ਮੂਰਛਨਾ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ। ਇਸ ਪਰਿਭਾਸ਼ਾ ਦੇ ਵਿਸ਼ਲੇਸ਼ਣ ਲਈ ਸਾਨੂੰ ਮੂਰਛਨਾ ਸੰਕੇਤ ਨੂੰ ਵਿਚਾਰਨਾ ਪਵੇਗਾ। ਸੰਗੀਤਾਚਾਰੀਆਂ ਅਨੁਸਾਰ ਸਤ ਸਵਰਾਂ ਦੇ ਕ੍ਰਮ ਅਨੁਸਾਰ ਆਰੋਹ/ਅਵਰੋਹ ਕਰਨ ਨੂੰ ਮੂਰਛਨਾ ਕਹਿੰਦੇ ਹਨ। ਇਸ ਦੀ ਉਤਪਤੀ ਉਹ ਗ੍ਰਾਮ ਤੋਂ ਦੱਸਦੇ ਹਨ। ਗ੍ਰਾਮ ਅਜੇਹਾ ਸਵਰ ਸਮੂਹ ਹੈ ਜੋ ਮੂਰਛਨਾ ਦਾ ਆਸਰਾ ਹੋਵੇ। ਇਹ ਤਿੰਨ ਬਿਆਨ ਕੀਤੇ ਗਏ ਹਨ: ਸੜਜ ਮਧਯਮ ਅਤੇ ਗੰਧਾਰ। ਇਕ ਗ੍ਰਾਮ ਤੋਂ ਸਤ ਮੂਰਛਨਾਵਾਂ ਬਣ ਸਕਦੀਆਂ ਹਨ। ਦੋ ਆਮ ਵਰਤੇ ਜਾਂਦੇ ਗ੍ਰਾਮਾਂ ਤੋਂ ੧੪ ਤੇ ਤੀਸਰੇ ਗੰਧਾਰ ਗ੍ਰਾਮ ਨੂੰ ਮਿਲਾ ਕੇ ਕੁਲ ੨੧ ਮੂਰਛਨਾਵਾਂ ਬਣਦੀ। ਜੇ ਮੂਰਛਨਾ ਨੂੰ ਘਰੁ ਮੰਨਿਆ ਜਾਵੇ ਤਾਂ ਗਲ ਨਹੀਂ ਬਣਦੀ। ਗੁਰੂ ਗ੍ਰੰਥ ਸਾਹਿਬ ਵਿਚ ੧ ਤੋਂ ੧੭ ਤਕ ਘਰੁ ਹਨ। ਮੂਰਛਨਾਵਾਂ ੨੧ ਹਨ।

ਉਂਝ ਵੀ ਮੂਰਛਨਾ ਸ਼ਬਦ ਦੀ ਵਰਤੋਂ ਗੁਰਬਾਣੀ ਵਿਚ ਕਿਤੇ ਵੀ ਨਹੀਂ ਹੋਈ।

ਘਰੁ ਤੋਂ ਭਾਵ ਦਰ ਅਸਲ ਤਾਲ ਹੈ। ਇਹ ਗਾਉਣ ਦੀ ਇਕ ਸੀਮਾਂ ਹੀ ਕਹੀ ਜਾ ਸਕਦੀ ਹੈ। ਜਿਵੇਂ ਬੰਦਾ ਕਿਤੇ ਜਾਵੇ, ਆਵੇ, ਅਖੀਰ ਵਾਪਸ ਆਪਣੇ ਘਰ ਮੁੜ ਆਉਂਦਾ ਹੈ। ਇਸੇ ਤਰ੍ਹਾਂ ਘਰ ਕਿਸੇ ਵੀ ਤਾਲ ਵਿਚ ਮਾਤ੍ਰਾਵਾਂ ਦੀ ਇਕ ਖਾਸ ਸੀਮਾਂ ਹੈ, ਜਿਸ ਵਿਚ ਗਾਇਕ ਨੂੰ ਰਹਿਣ ਦਾ ਨਿਰਦੇਸ਼ ਹੈ। ਪ੍ਰਤੀਤ ਹੁੰਦਾ ਹੈ ਕਿ ਗੁਰੂ ਮਹਾਰਾਜ ਨੇ ਤਾਲ ਦੇ ਪ੍ਰਚਲਤ ਸ਼ਬਦ ਨੂੰ ਛੱਡ ਕੇ ਘਰੁ ਸ਼ਬਦ ਦੀ ਵਰਤੋਂ ਕੀਤੀ। ਉਕਤ ਪਰਿਭਾਸ਼ਾ ਅਨੁਸਾਰ ਘਰੁ ਮਾਤਰਾਵਾਂ ਦੀ ਸੀਮਾ ਅਨੁਸਾਰ ਹੀ ਨਿਸ਼ਚਿਤ ਹੋ ਸਕਦੇ ਹਨ। ਜਿਵੇਂ ਪਿਛੇ ਸੰਕੇਤ ਕੀਤਾ ਗਿਆ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੧ ਤੋਂ ੧੭ ਤਕ ਘਰੁ ਵਰਤੇ ਗਏ ਹਨ। ਇਹ ਸਾਰੇ ਤਾਲ ਸਰਲ ਹੀ ਹੋਣ ਦਾ ਅਨੁਮਾਨ ਕੀਤਾ ਜਾ ਸਕਦਾ ਹੈ! ਕਾਰਨ ਇਹ ਹੈ ਕਿ ਗੁਰੂ ਮਹਾਰਾਜ ਨੇ ਹਰ ਖੇਤਰ ਵਿਚ ਲੋਕਾਂ ਨੂੰ ਗੁੰਝਲਾਂ ਤੋਂ ਮੁਕਤ ਕੀਤਾ ਤੇ ਸਰਲਤਾ ਬਖਸ਼ੀ। ਇਸ ਲਈ ਸੰਗੀਤ ਦੇ ਖੇਤਰ ਵਿਚ ਵੀ ਉਨ੍ਹਾਂ ਸਰਲਤਾ ਦਾ ਵਿਸ਼ੇਸ਼ ਧਿਆਨ ਰੱਖਿਆ ਹੋਵੇਗਾ ਤੇ ਉਨ੍ਹਾਂ ਤਾਲਾਂ ਦੀ ਹੀ ਵਰਤੋਂ ਕੀਤੀ ਹੋਵੇਗੀ ਜੋ ਲੋਕਾਂ ਨੂੰ ਸੌਖਿਆਂ ਸਮਝ ਆ ਜਾਣ।

ਕੀਰਤਨੀ ਸਿੰਘਾਂ ਦਾ ਫਰਜ਼ ਬਣਦਾ ਹੈ ਕਿ ਉਹ ਸਿੱਖ ਸੰਗੀਤ ਦੀਆਂ ਟਕਸਾਲੀ ਧਾਰਨਾਵਾਂ ਦੀ ਵਰਤੋਂ ਕਰਨ ਅਤੇ ਸ਼ਬਦ ਦੇ ਪ੍ਰਸਾਰ ਉਤੇ ਹੀ ਆਪਣਾ ਧਿਆਨ ਕੇਂਦ੍ਰਿਤ ਰੱਖਣ। ਅਨਮਤੀ ਮਿਥਿਹਾਸ ਦੀਆਂ ਕਥਾ ਕਹਾਣੀਆਂ ਨੂੰ ਵੀ ਕੀਰਤਨ ਤੋਂ ਦੂਰ ਹੀ ਰੱਖਣਾ ਉਚਿਤ ਹੈ। ਕਿਉਂ ਜੁ ਇਸ ਨਾਲ ਕੀਰਤਨ ਦਾ ਪ੍ਰਭਾਵ ਖੰਡਿਤ ਹੁੰਦਾ ਹੈ।

ਸੰਗੀਤਾਚਾਰੀਆ ਅਨੁਸਾਰ ਗੁਰੂ ਕਾਲ ਵਿਚ ਰਾਗਾਂ ਦਾ ਸਰੂਪ ਅਜੋਕੇ ਸਰੂਪ ਨਾਲੋਂ ਭਿੰਨ ਸੀ। ਕੀਰਤਨ ਦੀਆਂ ਪੁਰਾਤਨ ਬੰਦਸ਼ਾ ਤੇ ਰਾਗ ਰੀਤਾਂ ਵੀ ਭਿੰਨ ਸਨ। ਇਸ ਲਈ ਪੁਰਾਤਨ ਰਾਗ ਰੀਤਾਂ ਨੂੰ ਖੋਜ ਪੜਤਾਲ ਕੇ ਲੋਕ ਪ੍ਰਿਯ ਬਣਾਉਣ ਦਾ ਕੰਮ ਵੀ ਕਾਫੀ ਮਹੱਤਵ ਪੂਰਨ ਹੈ। ਇਸ ਕੰਮ ਵਿਚ ਸੰਪਰਦਾਈ ਤੇ ਪੁਰਾਣੇ ਕੀਰਤਨੀਏ ਸਿੰਘ ਕਾਫੀ ਯੋਗਦਾਨ ਦੇ ਸਕਦੇ ਹਨ। ਸੰਗੀਤ ਮਾਹਿਰਾਂ ਨੂੰ ਗੁਰਬਾਣੀ ਕੀਰਤਨ ਨੂੰ ਗੌਰਵ ਮਈ ਤੇ ਟਕਸਾਲੀ ਰੂਪ ਦੇਣ ਦੇ ਕਾਰਜ ਵਲ ਧਿਆਨ ਦੇਣਾ ਚਾਹੀਦਾ ਹੈ। ਇਹ ਕੰਮ ਸਮੂਹਕ ਚੇਤਨਾ ਨਾਲ ਹੀ ਸੰਭਵ ਹੈ। □

# ਰਾਗ ਸਾਰੰਗ

ਸ. ਉਤਮ ਸਿੰਘ

ਥਾਟ—ਕਾਫੀ ਵਾਦੀ—ਰੇ ਸੰਵਾਦੀ—ਪ

ਸਮਾਂ—ਦਿਨ ਦਾ ਤੀਸਰਾ ਪਹਿਰ (12 ਵਜੇ ਤੋਂ 3 ਵਜੇ ਤਕ ਦੁਪਹਿਰ) ਜਾਤੀ–ਔਡਵ

ਵਰਜਿਤ—ਗਾ ਅਤੇ ਧਾ

ਆਰੋਹ—ਸਾ ਰੇ ਮ ਪ ਨੀ ਸਂ ॥

ਅਵਰੋਹ—ਸਂ ਨ਼ੀ ਪ ਮ ਰੇ ਨ਼ੀ ਸ ॥

ਪਕੜ—ਰੇ ਮ ਪ, ਮ ਰੇ ਨ਼ੀ ਸ ॥

ਇਕ ਤਾਲ

| | | | | | | | | | | | | |
|---|---|---|---|---|---|---|---|---|---|---|---|---|
| | x | | 0 | | 2 | | 0 | | 3 | | 4 | |
| | 1 | 2 | 3 | 4 | 5 | 6 | 7 | 8 | 9 | 10 | 11 | 12 |
| ਅਸਥਾਈ | ਨ਼ | — | ਸ | ਰ | ਮ | ਮ | ਪ | ਨੁ | ਪ | ਮ | ਰ | ਮ |
| | ਨਾ | S | ਮ | ਭ | ਗ | ਤਿ | ਮਾ | S | ਗੁ | ਸੰ | S | ਤ |
| | ਪ | ਨੁ | ਪ | ਮ | ਰ | ਸ | ਨ਼ | ਨ਼ | ਨ਼ | ਸ | ਸ | ਸ |
| | ਤਿਆ | S | ਗਿ | ਸ | ਗ | ਲ | ਕਾ | S | S | ਮੀ | S | S |
| ਅੰਤਰਾ | ਮ | — | ਮ | ਪ | — | ਨ | ਸਂ | ਸਂ | ਸਂ | ਸਂ | — | — |
| | ਪ੍ਰੀ | S | ਤਿ | ਲਾ | S | ਇ | ਹ | ਰਿ | ਧਿ | ਆ | S | ਇ |
| | ਰਂ | ਰਂ | ਰਂ | ਰਂ | ਸਂ | ਰਂ | ਨ | ਸਂ | ਸਂ | ਨੁ | — | ਪ |
| | ਗੁ | ਨ | ਗੋ | ਬਿੰ | S | ਦ | ਸ | ਦਾ | S | ਗਾ | S | ਇ |
| | S | ਹ | ਰਿ | ਜ | ਨ | ਕੀ | ਰੇ | S | ਨ | ਬਾਂ | S | ਛੁ |
| | ਪ | ਨੁ | ਪ | ਮ | ਰ | ਸ | ਨ਼ | ਨ਼ | ਨ਼ | ਸ | ਸ | ਸ |
| | ਦੈ | S | ਨ | ਹਾ | ਰ | ਸੁ | ਆ | S | S | ਮੀ | S | S |

## ਚੰਦੇ ਦਾ ਵੇਰਵਾ

ਇਕ ਕਾਪੀ 5 ਰੁਪਏ

| | | |
|---|---|---|
| ਦੇਸ਼ | ਸਲਾਨਾ | 50 ਰੁਪਏ |
| | ਜੀਵਨ ਮੈਂਬਰ | 500 ਰੁਪਏ |
| ਵਿਦੇਸ਼ | ਸਲਾਨਾ | 300 ਰੁਪਏ |
| | ਜੀਵਨ ਮੈਂਬਰ | 3000 ਰੁਪਏ |

1

# ਨੋਟੇਸ਼ਨ ਵਾਲੇ ਸ਼ਬਦ ਦੇ ਅਰਥ

—ਪ੍ਰਿੰ: ਸਾਹਿਬ ਸਿੰਘ

ਰਾਗ ਸਾਰੰਗ ਮਹਲਾ ੫ (੧੨੩੦)

ਨਾਮ ਭਗਤਿ ਮਾਗੁ ਸੰਤ ਤਿਆਗਿ ਸਗਲ ਕਾਮੀ ।।੧।। ਰਹਾਉ।।
ਪ੍ਰੀਤਿ ਲਾਇ ਹਰਿ ਧਿਆਇ ਗੁਨ ਗੁ ਬਿੰਦ ਸਦਾ ਗਾਇ ।।
ਹਰਿ ਜਨ ਕੀ ਰੇਨ ਬਾਂਛੁ ਦੈਨ ਹਾਰ ਸੁਆਮੀ ।।੧।।
ਸਰਬ ਕੁਸਲ ਸੁਖ ਬਿਸ੍ਰਾਮ ਆਨਦਾ ਆਨੰਦ ਨਾਮ ।।
ਜਮ ਕੀ ਕਛੁ ਨਾਹਿ ਤ੍ਰਾਸ ਸਿਮਰਿ ਅੰਤਰਜਾਮੀ ।।
ਏਕ ਸਰਨ ਗੋਬਿੰਦ ਚਰਨ ਸੰਸਾਰ ਸਗਲ ਤਾਪ ਹਰਨ ।।
ਨਾਵ ਰੂਪ ਸਾਧ ਸੰਗ ਨਾਨਕ ਪਾਰਗਰਾਮੀ ।।੨।।੫।।੧੩੪।।

ਪਦ ਅਰਥ : – ਮਾਗ-ਮੰਗਦਾ ਰਹੁ । ਕਾਮੀ-ਕੰਮ । ੧ ਰਹਾਉ । ਲਾਇ-ਲਾ ਕੇ । ਗੁ ਬਿੰਦ [ਅੱਖਰ 'ਗ' ਦੇ ਨਾਲ ਦੋ ਲਗਾਂ ਹਨ— ੋ ਅਤੇ ੁ । ਅਸਲ ਲਫ਼ਜ਼ ਹੈ 'ਗੋਬਿੰਦ' ਇਥੇ ਗੁਬਿੰਦ ਪੜ੍ਹਨਾ ਹੈ] । ਗਾਇ-ਗਾਇਆ ਕਰ । ਰੇਨ-ਚਰਨ-ਧੂੜ । ਬਾਂਛੁ-ਲੋੜਦਾ ਰਹੁ । ਦੇਨਹਾਰ-ਦੇਣ ਦੀ ਸਮਰਥਾ ਵਾਲੇ ਤੋਂ ।੧।
ਸਰਬ-ਸਾਰੇ । ਕੁਸਲ-ਸੁਖ । ਬਿਸ੍ਰਾਮ-ਟਿਕਾਣਾ, ਸੋਮਾ । ਤ੍ਰਾਸ-ਡਰ । ਅੰਤਰਜਾਮੀ-ਹਰੇਕ ਦੇ ਦਿਲ ਦੀ ਜਾਣਨ ਵਾਲਾ । ਤਾਪ-ਹਰਨ-ਦੁੱਖ ਦੂਰ ਕਰਨ ਵਾਲਾ । ਨਾਵ-ਬੇੜੀ । ਨਾਵ ਰੂਪ-ਬੇੜੀ ਵਰਗਾ ਹੈ । ਪਾਰਗਾਮੀ-(ਸੰਸਾਰ-ਸਮੁੰਦਰ ਤੋਂ) ਪਾਰ ਲੰਘਾਣ ਵਾਲਾ ।੨।

ਅਰਥ—ਹੇ ਭਾਈ ! ਹੋਰ ਸਾਰੇ ਆਹਰ ਛੱਡ ਕੇ (ਭੀ) ਸੰਤ ਜਨਾਂ ਪਾਸੋਂ ਪਰਮਾਤਮਾ ਦਾ ਨਾਮ ਪਰਮਾਤਮਾ ਦੀ ਭਗਤੀ ਮੰਗਦਾ ਰਿਹਾ ਕਰ ।੧। ਰਹਾਉ ।

ਹੇ ਭਾਈ ! ਪਿਆਰ ਨਾਲ ਪਰਮਾਤਮਾ ਦਾ ਧਿਆਨ ਧਰਿਆ ਕਰ, ਸਦਾ ਗੋਬਿੰਦ ਦੇ ਗੁਣ ਗਾਂਦਾ ਰਿਹਾ ਕਰ । ਉਸ ਸਭ ਕੁਝ ਦੇ ਸਕਣ ਵਾਲੇ ਮਾਲਕ-ਪ੍ਰਭੂ ਤੋਂ ਸੰਤ ਜਨਾਂ ਦੇ ਚਰਨਾਂ ਦੀ ਧੂੜ ਮੰਗਦਾ ਰਿਹਾ ਕਰ ।੧। ਰਹਾਉ

ਹੇ ਭਾਈ ! ਪਰਮਾਤਮਾ ਦਾ ਨਾਮ ਸਾਰੇ ਸੁਖਾਂ ਦਾ ਸਾਰੀਆਂ ਖੁਸ਼ੀਆਂ ਦਾ, ਸਾਰੇ ਆਨੰਦਾਂ ਦਾ ਸੋਮਾ ਹੈ । ਹਰੇਕ ਦੇ ਦਿਲ ਦੀ ਜਾਣਨ ਵਾਲੇ ਪ੍ਰਭੂ ਦਾ ਨਾਮ ਸਿਮਰਿਆ ਕਰ, ਜਮਾਂ ਦਾ (ਭੀ) ਕੋਈ ਡਰ ਨਹੀਂ ਰਹਿ ਜਾਂਦਾ ।

ਹੇ ਨਾਨਕ ! ਇਕ ਪਰਮਾਤਮਾ ਦੇ ਚਰਨਾਂ ਦੀ ਸ਼ਰਨ ਜਗਤ ਦੇ ਸਾਰੇ ਦੁੱਖ-ਕਲੇਸ਼ ਦੂਰ ਕਰਨ ਜੋਗੀ ਹੈ । (ਇਹ ਸ਼ਰਨ ਸਾਧ ਸੰਗਤਿ ਵਿਚ ਹੀ ਮਿਲਦੀ ਹੈ ਤੇ) ਸਾਧ ਸੰਗਤ ਬੇੜੀ ਵਾਂਗ (ਸੰਸਾਰ ਸਮੁੰਦਰ ਤੋਂ) ਪਾਰ ਲੰਘਾਣ ਵਾਲੀ ਹੈ ।

# ਬ੍ਰਹਮ ਗਿਆਨੀ ਭਾਈ ਮਰਦਾਨਾ ਜੀ

—ਡਾ. ਜੀਤ ਸਿੰਘ ਜੀ ਸੀਤਲ ਐਮ.ਏ., ਪੀ.ਐਚ.ਡੀ.

ਭਾਈ ਕਾਨ੍ਹ ਸਿੰਘ ਜੀ (ਗੁਰਸ਼ਬਦ ਰਤਨਾਕਰ-ਮਹਾਨ ਕੋਸ਼) ਦੇ ਕਥਨ ਅਨੁਸਾਰ ਭਾਈ ਮਰਦਾਨਾ ਜੀ ਦਾ ਜਨਮ ਲੱਖੋ ਦੇ ਉਦਰ ਤੋਂ ਬਦਰੇ ਮਿਰਾਸੀ ਦੇ ਘਰ ੧੪੫੯ ਈ: ਨੂੰ ਤਲਵੰਡੀ ਵਿਖੇ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿਚ ਆਉਣ ਉਪਰੰਤ ਗੁਰੂ ਕਾ ਸਿੱਖ ਬਣਿਆ ਤੇ 'ਭਾਈ' ਪਦ ਦਾ ਅਧਿਕਾਰੀ ਹੋਇਆ। ਭਾਈ ਮਰਦਾਨਾ ਜੀ ਦੇਸ਼ ਦੇਸ਼ਾਂਤਰਾਂ ਵਿਚ ਜਗਤ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਰਹਿ ਕੇ ਕੀਰਤਨ ਕਰਦੇ ਰਹੇ। ਜਿਵੇਂ ਕ੍ਰਿਸ਼ਨ ਜੀ ਨੂੰ ਅਰਜਨ ਜਾਂ ਸੁਦਾਮਾ ਪਿਆਰਾ ਸੀ, ਇਸੇ ਤਰ੍ਹਾਂ ਗੁਰੂ ਬਾਬੇ ਨੂੰ ਮਰਦਾਨਾ ਅਤਿ ਪਿਆਰਾ ਸੀ। ਗੁਰੂ ਬਾਬੇ ਦੇ ਬਗਦਾਦ ਜਾਣ ਦੀ ਸਾਖੀ ਆਉਂਦੀ ਹੈ, ਭਾਈ ਗੁਰਦਾਸ ਜੀ ਨੇ ਪਹਿਲੀ ਵਾਰ, (ਪਉੜੀ ੩੫) ਵਿਚ ਇਸ ਪਾਸੇ ਸੰਕੇਤ ਕੀਤਾ ਹੈ:—

"ਫਿਰਿ ਬਾਬਾ ਗਇਆ ਬਗ਼ਦਾਦਿ ਨੋ, ਬਾਹਰਿ ਜਾਇ ਕੀਆ ਅਸਥਾਨਾ।
ਇਕ ਬਾਬਾ ਅਕਾਲ ਰੂਪੁ, ਦੂਜਾ ਰਬਾਬੀ ਮਰਦਾਨਾ॥
ਦਿਤੀ ਬਾਂਗਿ ਨਿਵਾਜ਼ਿ ਕਰਿ, ਸੁੰਨਿ ਸਮਾਨਿ ਹੋਆ ਜਹਾਨਾ।"

ਮਰਦਾਨੇ ਦੀ ਰਬਾਬ ਤੇ ਗੁਰੂ ਬਾਬੇ ਦਾ ਸ਼ਬਦ—ਦੋਵੇਂ ਅਮਰ ਸਨ। ਇਹ ਸਾਧਨ ਸਨ, ਕਲਜੁਗ ਨੂੰ, ਕਲਿਜੁਗ ਦੇ ਅਨ੍ਹੇਰੇ ਨੂੰ ਅਤੇ ਮਨੁੱਖੀ ਭੈ ਨੂੰ ਦੂਰ ਕਰਨ ਦੇ। ਪੁਰਾਤਨ ਜਨਮ ਸਾਖੀ ਵਿਚ ਆਉਂਦਾ ਹੈ ਕਿ ਕਲਿਜੁਗ ਗੁਰੂ ਬਾਬੇ ਨੂੰ ਮਨੁੱਖੀ ਰੂਪ ਵਿਚ ਮਿਲਣ ਆਇਆ, ਪਰ ਉਸ ਤੋਂ ਪਹਿਲਾਂ ਉਸ ਨੇ ਕਈ ਭਿਆਨਕ ਰੂਪ ਧਾਰੇ। ਉਸ ਬਲਾ ਨੂੰ ਵੇਖਕੇ ਮਰਦਾਨਾ ਅਤਿ ਭੈ ਭੀਤ ਹੋ ਗਿਆ ਸੀ। ਪੁਰਾਤਨ ਜਨਮ ਸਾਖੀ ਵਿਚ ਇਸ ਪ੍ਰਕਾਰ ਆਉਂਦਾ ਹੈ:—

"ਤਬਿ ਬਾਬਾ ਦੇਖੇ ਤਾਂ ਅੰਧੇਰੀ ਬਹੁਤ ਆਈ, ਦਰਖਤਿ ਲਗੇ ਉਡਣਿ। ਤਬ ਮਰਦਾਨਾ ਬਹੁਤ ਭੈਮਾਨ ਹੋਇਆ, ਆਖਿਓ ਸੁ, 'ਜੀਉ ਪਾਤਿਸਾਹ, ਆਣਿ ਉਜਾੜ ਵਿਚ ਪਾਇ ਮਾਰਿਓ, ਗੋਰ ਖਫਣਹੁ ਭੀ ਗਏ।' ਤਬ ਗੁਰੂ ਬਾਬੇ ਕਹਿਆ: 'ਮਰਦਾਨਿਆਂ ਕਾਹੁਲਾ ਹੋਹੁ ਨਾਹੀਂ......।' 'ਲੰਮੀ ਨਦਰ' ਰਚਿਤ ਡਾ. ਬਲਬੀਰ ਸਿੰਘ (ਰਬਾਬ) ਵਿਚ ਇਸ ਦਾ ਭਾਵ ਇਹ ਦੱਸਿਆ ਹੈ ਕਿ ਮਰਦਾਨੇ ਦਾ ਕਲਿਜੁਗ ਤੋਂ ਡਰਨਾ ਇਕ ਵਿਕਾਰਜਨਕ ਘਟਨਾ ਹੈ। ਮਰਦਾਨਾ ਕੀ ਆਖ ਤੇ ਡਰਨਾ ਕੀ ਆਖ, ਪਰ ਉਸ ਨੂੰ ਆਪਣੀ ਮਰਦਾਨਗੀ ਦਾ ਪਤਾ ਨਹੀਂ ਸੀ। ਉਹ ਆਪਣੀ ਸੂਰਮਤਾਈ ਦਾ ਸਾਖੀ ਨਹੀਂ ਸੀ। ਉਹ ਬਹਾਦਰ ਸੀ, ਮਰਦਾਨਾ ਸੀ, ਪਰ ਭੁੱਲ ਜਾਂਦਾ ਸੀ। ਉਸ ਕੋਲ ਉਹ ਵਿਦਿਆ ਸੀ, ਜਿਸ ਦੇ ਪ੍ਰਤਾਪ

ਨਾਲ ਕਲਿਜੁਗ ਉਤੇ ਫਤਹਿ ਮਿਲ ਜਾਂਦੀ ਹੈ। ਕਲਿਜੁਗ ਵਿਚ ਕਮਜ਼ੋਰੀ ਹੈ। ਇਸ ਕਮਜ਼ੋਰੀ ਉਪਰ ਉਂਗਲ ਰੱਖਣ ਨਾਲ ਹੀ ਉਹ ਢਹਿ ਪੈਂਦਾ ਹੈ। ਇਹ ਗੱਲ ਦੁਨੀਆਂ ਭੁੱਲ ਗਈ ਸੀ। ਇਸ ਗੱਲ ਵਿਚ ਬਾਬਾ ਮਰਦਾਨੇ ਨੂੰ ਸੁਚੇਤ ਕਰਨ ਲਈ ਆਇਆ ਸੀ ਤੇ ਮਰਦਾਨੇ ਦੇ ਬਹਾਨੇ ਸਾਰੀ ਲੋਕਾਈ ਨੂੰ। ਬਾਬੇ ਦੇ ਬਗ਼ੈਰ ਹੋਰ ਕੋਈ ਨਹੀਂ ਸੀ ਜੋ ਏਸ ਭੇਦ ਨੂੰ ਉਸ ਜ਼ਮਾਨੇ ਵਿਚ ਪ੍ਰਗਟ ਕਰਦਾ। ਇਸ ਭੇਦ ਵਿਚ ਕਲਿਜੁਗ ਦੀ ਕਮਜ਼ੋਰੀ ਦਾ ਰਾਜ਼ ਛਿਪਿਆ ਹੋਇਆ ਸੀ ਜੋ ਉਨ੍ਹਾਂ ਪ੍ਰਗਟ ਕਰ ਦਿਤਾ :—

"ਕਲੀ ਕਾਲ ਮਹਿ ਇਕ ਕਲ ਰਾਖੀ ॥
ਬਿਨੁ ਗੁਰ ਪੂਰੇ ਕਿਨੈ ਨ ਭਾਖੀ ।[1]"

ਇਹ ਕੀ 'ਕਲ' ਸੀ। ਗੁਰੂ ਅਮਰਦਾਸ ਜੀ ਨੇ ਏਸ ਗੱਲ ਨੂੰ ਖੋਲ੍ਹ ਦਿੱਤਾ। ਉਹਨਾਂ ਕਿਹਾ :—

"ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥
ਗੁਰਮੁਖਿ ਕੋਈ ਉਤਰੈ ਪਾਰਿ ॥[2]

ਇਹ ਭੇਤ ਕੀਰਤਨ ਦੇ ਚਾਨਣੁ ਨਾਲ ਪ੍ਰਤੱਖ ਹੁੰਦਾ ਹੈ। ਪਰ ਇਹ ਅਮੁਲ ਰਤਨ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦਾ ਹੈ।

ਜਿਸਨੋ ਨਦਰਿ ਕਰੇ ਤਿਸੁ ਦੇਵੈ ॥ ਨਾਨਕ ਗੁਰਮੁਖਿ ਰਤਨੁ ਸੋ ਲੇਵੈ ।[3]

ਇਹ ਭੇਤ ਗੁਰੂ ਬਾਬੇ ਨੇ ਮਰਦਾਨੇ ਨੂੰ ਦੱਸ ਦਿੱਤਾ ਤੇ ਕਿਹਾ, ਮਰਦਾਨਿਆਂ, ਰਬਾਬ ਫੜ੍ਹ ਤੇ ਸ਼ਬਦ ਦਾ ਕੀਰਤਨ ਕਰ। ਇਸ ਤੇ ਮਰਦਾਨੇ ਦਾ ਸਾਰਾ ਡਰ ਦੂਰ ਹੋ ਗਿਆ। ਕਲਿਜੁਗ ਉੱਡ ਪੁੱਡ ਗਿਆ।

ਗੁਰੂ ਬਾਬੇ ਦੀ ਦੋਸਤੀ ਮਰਦਾਨੇ ਨਾਲ ਸੰਕੇਤ ਸੀ, ਸੁਰਤ ਤੇ ਸ਼ਬਦ ਦੇ ਮਿਲਾਪ ਦਾ। ਬਾਬਾ ਸ਼ਬਦ ਰੂਪ ਸੀ, ਮਰਦਾਨਾ ਸੁਰਤ ਸੀ। ਸੁਰਤ ਭੁੱਲ ਜਾਂਦੀ ਸੀ, ਕਲਿਜੁਗ ਆ ਜਾਂਦਾ ਸੀ। ਸੁਰਤ ਡਰ ਜਾਂਦੀ ਸੀ, ਸ਼ਬਦ ਦੀ ਤਾਰ ਟੁੱਟ ਜਾਂਦੀ ਸੀ, ਸ਼ੋਰ ਪਾਉਣ ਲਗ ਜਾਂਦੀ ਸੀ। ਬਾਬੇ ਨੇ ਮਰਦਾਨੇ ਨੂੰ ਏਹੋ ਗੱਲ ਸਮਝਾਈ ਕਿ 'ਡਰ ਨਾ' ਤੇ ਕਿਹਾ :—

ਡਰੀਐ ਜੇ ਡਰੁ ਹੋਵੈ ਹੋਰੁ ॥ ਡਰਿ ਡਰਿ ਡਰਣਾ ਮਨ ਕਾ ਸੋਰੁ ॥[4]

ਗੁਰੂ ਬਾਬੇ ਦੀ ਦੋਸਤੀ ਮਰਦਾਨੇ ਨਾਲ, ਕੋਈ ਮਾਯਾ ਦਾ ਸੰਬੰਧ ਨਹੀਂ ਸੀ। ਉਨ੍ਹਾਂ ਦੋਹਾਂ ਦੀ ਦੁਨੀਆਂ ਵਖਰੀ ਸੀ। ਉਹ ਹੁਨਰ ਦੇ ਘਰ ਵਿਚ ਇਕ ਸੁਰ ਸਨ। ਉਨ੍ਹਾਂ ਦਾ ਮਨ ਵੀ ਇਕਸੁਰ ਹੋ ਜਾਂਦਾ ਸੀ। ਉਨ੍ਹਾਂ ਦਾ ਸਬੰਧ 'ਸੁਰ

---

1. ਮਾਰੂ ਮ: ੧ ਸੋਲਹੇ (੧੦੨੪), 2. ਮਾਝ ਕੀ ਵਾਰ (੧੪੫)
3. ਵਾਰ ਮਾਝ ਮ: ੩ (੧੪੫), 4. ਗਉੜੀ ਮ: ੧ (੧੫੧)।

ਸਨਬੰਧ' ਸੀ। ਫਰਕ ਕੇਵਲ ਇਤਨਾ ਸੀ ਕਿ ਬਾਬਾ ਸੁਰ ਤੋਂ ਉਪਰ ਉੱਠ ਜਾਂਦਾ ਸੀ, ਸ਼ਬਦ ਤੋਂ ਅਨਹਤ ਸ਼ਬਦ ਵਿਚ ਚਲਾ ਜਾਂਦਾ ਸੀ। ਹੁਨਰ ਤੋਂ ਉਠ ਕੇ ਸੁੰਨ ਵਿਚ ਜਾ ਪ੍ਰਵੇਸ਼ ਕਰਦਾ ਸੀ ਤੇ ਪਰਮ ਆਤਮਾ ਨਾਲ ਇਕ ਰੂਪ ਹੋ ਜਾਂਦਾ ਸੀ :—

ਅਨਹਤ ਸੁੰਨਿ ਰਤੇ ਸੇ ਕੈਸੇ ॥ ਤਿਸਤੇ ਉਪਜੇ ਤਿਸਹੀ ਜੈਸੇ ॥[5]

ਗੁਰੂ ਬਾਬੇ ਨੇ ਇਸੇ ਅਨਹਤ ਸ਼ਬਦ ਨਾਲ ਮਰਦਾਨੇ ਦੇ ਮਨ ਨੂੰ ਬ੍ਰਹਮ ਨਾਲ ਇਕ ਸੁਰ ਕਰ ਦਿੱਤਾ ਸੀ। ਮਰਦਾਨਾ ਸੇਵਕ ਸੀ, ਸਿੱਖ ਸੀ, ਚੇਲਾ ਸੀ, ਰਬਾਬੀ ਸੀ, ਬਚਪਨ ਦਾ ਸਾਥੀ ਸੀ, ਪਰ ਜੋ ਕੁਛ ਵੀ ਸੀ, ਉਸ ਨੂੰ ਇਸ ਗਲ ਦਾ ਮਾਣ ਜ਼ਰੂਰ ਸੀ ਕਿ ਉਹ ਗੁਰੂ ਬਾਬੇ ਦਾ ਦੋਸਤ ਸੀ। ਬਾਬਾ ਵੀ ਉਸ ਨੂੰ ਜੀਵਨ-ਸਾਥੀ ਸਮਝਦਾ ਸੀ। ਮਰਦਾਨੇ ਨਾਲ ਗੁਰੂ ਬਾਬੇ ਦਾ ਦਿਲ ਇਕ ਸੁਰ ਹੋ ਚੁੱਕਾ ਸੀ :—

ਜੋ ਦਿਲਿ ਮਿਲਿਆ ਸੁ ਮਿਲਿ ਰਹਿਆ, ਮਿਲਿਆ ਕਹੀਐ ਰੇ ਸੋਈ ॥[6]

ਗੁਰੂ ਬਾਬੇ ਨੇ ਮਰਦਾਨੇ ਨੂੰ ਦੋਸਤੀ ਲਈ ਇਕ ਨੀਵੀਂ ਜਾਤ ਚੋਂ ਚੁਣਿਆ, ਜਿਵੇਂ ਅੰਜੀਲ ਵਿਚ ਆਉਂਦਾ ਹੈ :—

"ਔਰ ਖੁਦਾ ਨੇ ਦੁਨੀਆਂ ਦੇ ਕਮੀਓਂ ਔਰ ਹਕੀਰੋਂ ਕੋ ਬਲਕਿ ਬੇਵਜੂਦੋਂ ਕੋ ਚੁਨ ਲੀਆ ਕਿ ਮੌਜੂਦੋਂ ਕੇ ਨਸਤ ਕਰ, ਤਾਕਤਵਰੋਂ ਕੋ ਸ਼ਰਮਿੰਦਾ ਕਰੇ, ਤਾਕਿ ਕੋਈ ਬਸ਼ਰ ਖ਼ੁਦਾ ਕੇ ਸਾਹਮਣੇ ਫ਼ਖਰ ਨਾ ਕਰੇ।"

ਤੇ ਗੁਰੂ ਬਾਬਾ ਨੀਚੋਂ ਊਚ ਕਰਨ ਵਾਲਾ ਗੋਬਿੰਦ ਸੀ। ਇਸੇ ਗੁਰੂ ਬਾਬੇ ਨੇ ਕਲਿਜੁਗ ਵਿਚ ਨਾਮ ਕੀਰਤਨ ਨੂੰ ਸੁਰਜੀਤ ਕੀਤਾ, ਜਿਸ ਨੇ ਸੂਦਰਾਂ ਦਾ ਉਧਾਰ ਕੀਤਾ, ਜਿਸ ਨੇ ਡੂੰਮ ਜਾਤ ਨੂੰ ਆਪਣਾ ਸਖਾ ਬਣਾਇਆ ਤੇ ਉਸ ਨਾਲ ਅਭੇਦ ਵਰਤਿਆ ਤੇ ਅੰਤ ਉਸ ਨੂੰ ਆਪਣੇ ਨਾਲ ਤੇ ਪਰਮ ਬ੍ਰਹਮ ਨਾਲ ਅਭੇਦ ਕੀਤਾ। ਗੁਰੂ ਰਾਮਦਾਸ ਜੀ ਦਾ ਵਾਕ ਹੈ :—

"ਚਾਰਿ ਬਰਨ ਚਾਰਿ ਆਸ੍ਰਮ ਹੈ,
ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ ॥[7]

ਮਰਦਾਨੇ ਨੇ ਅਖੀਰ ਤੱਕ ਬਾਬੇ ਦਾ ਸਾਥ ਦਿੱਤਾ। ਅਖੀਰ ਦਮ ਤਕ ਗੁਰੂ ਬਾਬੇ ਦਾ ਸਾਥ ਨਿਬਾਹਿਆ। ਮਰਦਾਨੇ ਦੇ ਅੰਤ ਬਾਰੇ ਕਈ ਖਿਆਲ ਹਨ, ਕਈ ਵਖ ਵਖ ਰਾਵਾਂ ਹਨ, ਪਰ ਇਸ ਗੱਲ ਨਾਲ ਕਿ ਗੁਰੂ ਬਾਬੇ ਨੇ ਉਸ

5. ਰਾਮਕਲੀ ਮ: ੧ (੧੪੩) 6. ਤਿਲੰਗ ਮ: ੧ (੭੨੫)
7. ਕਾਨੜਾ ਮ: ੪ (੧੨੯੭)

ਨੂੰ ਪਾਰਬ੍ਰਹਮ ਨਾਲ ਅਭੇਦ ਕਰ ਦਿੱਤਾ, ਕਿਸੇ ਨੂੰ ਮਤਭੇਦ ਨਹੀਂ। ਮੈਕਾਲਿਫ ਨੇ "ਸਿੱਖ ਰਿਲੇਜਨ" ਵਿਚ ਇਸ ਬਾਰੇ ਇਸ ਪ੍ਰਕਾਰ ਲਿਖਿਆ ਹੈ :—

"ਗੁਰੂ ਜੀ ਨੇ ਮਰਦਾਨੇ ਨੂੰ ਕਿਹਾ :—ਬ੍ਰਾਹਮਣ ਦੀ ਦੇਹੀ ਜਲ ਪਰਵਾਹ ਕੀਤੀ ਜਾਂਦੀ ਹੈ, ਖੱਤਰੀ ਦੀ ਅੱਗ ਵਿਚ ਸਾੜੀ ਜਾਂਦੀ ਹੈ, ਵੈਸ਼ ਦੀ ਪੌਣ ਵਿਚ ਸੁੱਟੀ ਜਾਂਦੀ ਹੈ ਅਤੇ ਸੂਦਰ ਦੀ ਦਬਾਈ ਜਾਂਦੀ ਹੈ। ਤੇਰੀ ਦੇਹੀ ਦਾ ਜਿਸ ਤਰ੍ਹਾਂ ਤੂੰ ਕਹੇਂ, ਤੇਰੀ ਇੱਛਾ ਅਨੁਸਾਰ, ਅੰਤਮ ਸਸਕਾਰ ਕੀਤਾ ਜਾਵੇਗਾ।' ਮਰਦਾਨੇ ਨੇ ਉੱਤਰ ਦਿੱਤਾ, 'ਮਹਾਰਾਜ! ਤੁਹਾਡੇ ਉਪਦੇਸ਼ ਨਾਲ ਮੇਰਾ ਦੇਹ-ਅਭਿਮਾਨ ਉੱਕਾ ਹੀ ਨਾਸ ਹੋ ਗਿਆ ਹੈ। ਚੌਹਾਂ ਵਰਣਾਂ ਦੀਆਂ ਦੇਹੀਆਂ ਦੇ ਅੰਤਮ ਸੰਸਕਾਰ ਦੇ ਢੰਗ ਵੀ ਹੰਕਾਰ ਨਾਲ ਸੰਬੰਧ ਰੱਖਦੇ ਹਨ। ਮੈਂ ਤਾਂ ਆਪਣੀ ਆਤਮਾ ਨੂੰ ਕੇਵਲ ਆਪਣੇ ਸਰੀਰ ਦਾ ਸਾਖੀ ਸਮਝਦਾ ਹਾਂ ਅਤੇ ਮੈਨੂੰ ਦੇਹੀ ਦਾ ਖਿਆਲ ਹੀ ਨਹੀਂ। ਜਿਵੇਂ ਮਹਾਰਾਜ ਦੀ ਇੱਛਾ ਹੋਵੇ, ਤਿਵੇਂ ਹੀ ਕਰੋ।' ਤਦ ਗੁਰੂ ਬਾਬੇ ਨੇ ਕਿਹਾ : 'ਕਿ ਤੇਰੀ ਸਮਾਧੀ ਬਣਾ ਕੇ ਤੈਨੂੰ ਜਗਤ ਵਿਚ ਮਸ਼ਹੂਰ ਕਰ ਦੇਈਏ।' ਮਰਦਾਨੇ ਨੇ ਕਿਹਾ, 'ਮਹਾਰਾਜ! ਜਦ ਮੇਰੀ ਆਤਮਾ ਸਰੀਰ ਰੂਪੀ ਸਮਾਧ ਵਿੱਚੋਂ ਨਿਕਲ ਜਾਵੇਗੀ, ਤਾਂ ਉਸ ਨੂੰ ਫਿਰ ਪੱਥਰ ਜਾਂ ਇੱਟਾਂ-ਗਾਰੇ ਦੀ ਸਮਾਧ ਵਿਚ ਕਿਉਂ ਬੰਦ ਕਰਦੇ ਹੋ ? ਗੁਰੂ ਜੀ ਨੇ ਕਿਹਾ, 'ਮਰਦਾਨਿਆਂ! ਤੂੰ ਬ੍ਰਹਮ ਨੂੰ ਪਛਾਣ ਲਿਆ ਹੈ, ਤੂੰ ਅਸਲ ਬ੍ਰਹਮਣ ਹੈਂ, ਇਸ ਲਈ ਅਸੀਂ ਤੇਰੀ ਦੇਹੀ ਜਲ ਪਰਵਾਹ ਹੀ ਕਰਾਂਗੇ ਜੋ ਜਲ ਦੀ ਧਾਰਾ ਨਾਲ ਤੂੰ ਇਕ-ਮਿਕ ਹੋ ਜਾਵੇਂ। ਇਸ ਲਈ ਤੂੰ ਜਾ ਕੇ ਦਰਿਆ ਦੇ ਕੰਢੇ ਤੇ ਬੈਠ ਜਾ ਅਤੇ ਖੁਦਾ ਦਾ ਧਿਆਨ ਧਾਰ ਤੇ ਉਸ ਦਾ ਨਾਮ ਜਪ। ਤੇਰੀ ਆਤਮਾ ਅਖੀਰ ਉਸ ਬ੍ਰਹਮ ਵਿਚ ਲੀਨ ਹੋ ਜਾਵੇਗੀ।' ਮਰਦਾਨੇ ਨੇ ਇਸੇ ਤਰ੍ਹਾਂ ਆਗਿਆ ਦਾ ਪਾਲਣ ਕੀਤਾ ਤੇ ਅੰਮ੍ਰਿਤ ਵੇਲੇ ਉਸ ਦੀ ਆਤਮਾ ਬ੍ਰਹਮ ਵਿਚ ਜਾ ਮਿਲੀ। ਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ ਸਿੱਖ ਸੇਵਕਾਂ ਦੀ ਸਹਾਇਤਾ ਨਾਲ ਮਰਦਾਨੇ ਦੀ ਦੇਹ ਨੂੰ ਜਲ ਪਰਵਾਹ ਕਰ ਦਿੱਤਾ। ਫਿਰ ਸੋਹਲੇ ਦਾ ਪਾਠ ਕੀਤਾ ਅਤੇ ਕੜਾਹ ਪ੍ਰਸਾਦਿ ਵਰਤਾਇਆ"—ਇਹ ਸੀ ਅੰਤ ਮਰਦਾਨੇ ਦਾ।

ਕਿਸ ਨੂੰ ਨਸੀਬ ਹੁੰਦਾ ਹੈ ਅਜਿਹਾ ਅੰਤ, ਕਿ ਉਸ ਦੀ ਦੇਹ ਨੂੰ ਦੋ ਜਹਾਨ ਦਾ ਵਾਲੀ ਪਾਤਿਸ਼ਾਹ ਆਪਣੇ ਹਸਤ ਕਮਲਾਂ ਨਾਲ ਜਲਧਾਰਾ ਸਪੁਰਦ ਕਰੇ। ਭਾਗਾਂ ਵਾਲਾ ਸੀ ਮਰਦਾਨਾ। ਆਖਰ ਗੁਰੂ ਬਾਬੇ ਦਾ ਜੀਵਨ ਭਰ ਸਾਥੀ ਰਿਹਾ ਸੀ, ਦੋਸਤ ਸੀ, ਸਖਾ ਸੀ। ਗੁਰੂ ਬਾਬਾ ਆਪ ਸੱਚੇ ਦਰਬਾਰ ਦਾ ਢਾਡੀ ਸੀ ਤੇ ਮਰਦਾਨਾ ਉਸ ਦਾ ਰਬਾਬੀ। ਗੁਰੂ ਬਾਬੇ ਦੀ ਦੋਸਤੀ ਦਾ ਮਾਣ ਉਸ ਨੂੰ ਪ੍ਰਾਪਤ ਸੀ। ਉਸ ਦਾ ਜੰਮਣ ਮਰਣ ਕੱਟਿਆ ਗਿਆ :—

ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥
ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ ॥[8]

---

8. ਸਲੋਕ ਵਾਰਾਂ ਤੇ ਵਧੀਕ ਮ: ੩ (੧੪੨੧)

ਭਾਈ ਕਾਨ੍ਹ ਸਿੰਘ ਜੀ ਮਹਾਨ ਕੋਸ਼ ਵਿਚ ਲਿਖਦੇ ਹਨ ਕਿ ਮਰਦਾਨੇ ਦਾ ਅੰਤ ਅਫਗਾਨਿਸਤਾਨ ਵਿਚ ਦਰਿਆ ਕੁੱਰਮ ਕੰਢੇ ਹੋਇਆ। ਮੈਕਾਲਿਫ ਤੇ ਹੋਰ ਕਈ ਇਕ ਇਤਿਹਾਸਕਾਰ ਮਰਦਾਨੇ ਦਾ ਅੰਤ ਕਰਤਾਰਪੁਰ ਵਿਖੇ ਦਰਿਆ ਰਾਵੀ ਕੰਢੇ ਹੋਇਆ ਦੱਸਦੇ ਹਨ। ਮਰਦਾਨਾ ੧੫੩੪ ਈ. ਵਿਚ ਰੱਬ ਨੂੰ ਪਿਆਰਾ ਹੋਇਆ। ਮੈਕਾਲਿਫ ਅਨੁਸਾਰ ਗੁਰੂ ਬਾਬੇ ਨੇ ਅੰਤ ਵੇਲੇ ਮਰਦਾਨੇ ਦੇ ਪੁੱਤਰ ਸ਼ਾਹਜ਼ਾਦੇ ਤੇ ਦੂਜੇ ਸਾਕਾਂ ਸਬੰਧੀਆਂ ਨੂੰ ਬੁਲਾਇਆ ਤੇ ਕਿਹਾ ਕਿ 'ਰੋਣਾ ਬਿਲ-ਕੁਲ ਨਹੀਂ, ਕਿਉਂ ਜੋ ਉਹ ਤਾਂ ਨਿਜ ਘਰ ਪਰਤਿਆ ਹੈ। ਇਹ ਸੋਕ ਦਾ ਸਮਾਂ ਨਹੀਂ, ਸਗੋਂ ਮੰਗਲਮਈ ਵਕਤ ਹੈ' (ਗਿਆਨ ਰਤਨਾਵਲੀ)। ਕਹਿੰਦੇ ਹਨ, ਸ਼ਾਹਜ਼ਾਦਾ ਗੁਰੂ ਸਾਹਿਬ ਦੇ ਬਾਕੀ ਦੇ ਸਾਲਾਂ ਵਿਚ ਉਨ੍ਹਾਂ ਨਾਲ ਕਰਤਾਰਪੁਰ ਹੀ ਰਿਹਾ ਤੇ ਨਿਰੰਤਰ ਕੀਰਤਨ ਕਰਦਾ ਰਿਹਾ।

ਗੁਰੂ ਬਾਬੇ ਨੇ ਮਰਦਾਨੇ ਦੇ ਵਿਛੋੜੇ ਨੂੰ ਕਿਵੇਂ ਮਹਿਸੂਸ ਕੀਤਾ, ਕੌਣ ਦਸ ਸਕਦਾ ਹੈ, ਪਰ ਅਨੁਭਵ ਨਾਲ ਕਿਹਾ ਜਾ ਸਕਦਾ ਹੈ, ਕਿ ਮਰਦਾਨੇ ਦੀ ਦੇਹ ਨਿਰਜਿੰਦ ਪਈ ਹੈ, ਕੋਲ ਰਬਾਬ ਹੈ ਤੇ ਬਾਬਾ ਕਹਿ ਰਿਹਾ ਹੈ।

ਤੂਟੀ ਤੰਤੁ ਰਬਾਬ ਕੀ, ਵਾਜੈ ਨਹੀਂ ਵਿਜੋਗਿ ॥[9]

ਤੇ ਇਸ ਵਿਛੋੜੇ ਦੀ ਸ਼ਿੱਦਤ ਨੂੰ ਘਟਾਣ ਲਈ ਗੁਰੂ ਬਾਬਾ ਗਾ ਰਿਹਾ ਹੈ:

ਜੋ ਉਸਾਰੇ ਸੋ ਢਾਹਸੀ ਤਿਸੁ ਬਿਨੁ ਅਵਰ ਨ ਕੋਇ ॥
ਗੁਰਪ੍ਰਸਾਦੀ ਤਿਸੁ ਸੰਮਲਾ ਤਾ ਤਨਿ ਦੂਖੁ ਨਾ ਹੋਇ ॥[10]

ਡਾ. ਬਲਬੀਰ ਸਿੰਘ (ਲੰਮੀ ਨਦਰ) ਦੇ ਸ਼ਬਦਾਂ ਵਿੱਚ ਕੀ 'ਮਰਦਾਨਾ ਰਬਾਬੀ ਸੀ? ਨਹੀਂ, ਉਹ ਆਪ ਰਬਾਬ ਹੀ ਸੀ। ਉਸ ਦੀ ਦੇਹ ਰਬਾਬ ਦੀ ਤਾਰ ਸੀ। ਉਸ ਦਾ ਮਰਨਾ ਕੇਵਲ ਰਬਾਬ ਦੀ ਤਾਰ ਟੁੱਟਣੀ ਸੀ। ਰਬਾਬ ਸਾਬਤ ਹੈ। ਚਾਹੇ ਤਾਰ ਟੁੱਟਣ ਕਰਕੇ ਵੱਜਦੀ ਨਹੀਂ। ਪਰ ਤਾਰ ਦਾ ਟੁੱਟਣਾ ਤਾਂ ਮਾਮੂਲੀ ਗੱਲ ਹੈ:

ਤੂਟੀ ਤੰਤੁ ਰਾਬਬ ਕੀ ਵਾਜੈ ਨਹੀਂ ਵਿਜੋਗਿ ॥
ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ ॥[11]

ਮਰਦਾਨਾ ਰਬਾਬ ਰੂਪ ਹੋ ਕੇ ਵੱਜ ਗਿਆ ਸੀ। ਉਸ ਦਾ ਕੀਰਤਨ ਜੁਗ ਪਲਟਾ ਗਿਆ ਸੀ। ਉਸ ਦੀ ਰਬਾਬ ਤੇ ਗੁਰੂ ਬਾਬੇ ਦੇ ਸ਼ਬਦ ਨੇ ਕਲਿਜੁਗ ਨੂੰ ਸਤਿਜੁਗ ਬਣਾ ਦਿੱਤਾ ਸੀ। ਮਰਦਾਨੇ ਦੀ ਰਬਾਬ ਵਿਚ ਇਕ ਵਿਸ਼ੇਸ਼ ਪੜਦਾ (ਧੁਨਿ) ਸੀ। ਇਹ ਪੜਦਾ ਅਨਹਦ ਦੀ ਗਤਿ ਨਾਲ ਸੁਰ ਅਭੇਦ ਹੋ ਕੇ ਵੱਜ ਉੱਠਦਾ ਸੀ, ਨਹੀਂ, ਸਗੋਂ ਅਨਹਦ ਸ਼ਬਦ ਹੀ ਏਸ ਰਬਾਬ ਨੂੰ ਵਜਾਉਣ ਹਾਰਾ ਸੀ:

ਰਬਾਬੁ ਪਖਾਵਜ ਤਾਲ ਘੁੰਘਰੂ, ਅਨਹਦ ਸਬਦੁ ਵਜਾਵੈ ॥[12]

---

9,10,11 ਰਾਮਕਲੀਂ ਮ: ੧ ਦਖਣੀ ਓਅੰਕਾਰੁ (੬੩੪) 12. ਆਸਾ ਮ: ੫ (੩੮੧)

ਗੁਰੂ ਬਾਬੇ ਨੂੰ ਮਰਦਾਨਾ ਕਿੰਨਾਂ ਕੁ ਪਿਆਰਾ ਸੀ, ਇਸ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਗੁਰੂ ਬਾਬੇ ਨੇ ਆਪਣੇ ਪਿਆਰੇ ਦੋਸਤ, ਜੀਵਨ ਸਾਥੀ ਨੂੰ (ਬਿਹਾਗੜੇ ਦੀ ਵਾਰ ਮ: ੪) ਤਿੰਨ ਸਲੋਕ ਸਮਰਪਣ ਕੀਤੇ ਹਨ ਜੋ ਮਰਦਾਨੇ ਦੇ ਨਾਮ ਤੇ ਅੰਕਿਤ ਹੋਏ ਹਨ। ਗੁਰੂ ਬਾਬੇ ਦੇ ਨਾਲ ਮਰਦਾਨਾ ਵੀ ਸਦਾ ਲਈ ਅਮਰ ਹੋ ਗਿਆ। ਉਸ ਕਦੀ ਮਰਨਾ ਜੁ ਨਹੀਂ ਸੀ, ਉਸ ਨੂੰ ਕੌਣ ਮਾਰ ਸਕਦਾ ਸੀ ? ਉਹ ਅੱਜ ਵੀ ਜੀਉਂਦਾ ਹੈ ਅਤੇ ਰਹਿੰਦੀ ਦੁਨੀਆਂ ਤਕ ਜਿਉਂਦਾ ਰਹੇਗਾ। ਜਦ ਤਕ ਗੁਰੂ ਬਾਬੇ ਦਾ ਸ਼ਬਦ ਅਮਰ ਰਹੇਗਾ, ਮਰਦਾਨਾ ਵੀ ਅਮਰ ਰਹੇਗਾ। ਮਰਦਾਨੇ ਨੂੰ ਅਰਪਤ ਕੀਤੇ ਸਲੋਕ ਇਹ ਹਨ :

ਸਲੋਕੁ ਮਰਦਾਨਾ—੧ ॥

ਕਲਿ ਕਲਵਾਲੀ ਕਾਮੁ ਮਦੁ, ਮਨੂਆ ਪੀਵਣਹਾਰੁ ॥
ਕ੍ਰੋਧ ਕਟੋਰੀ ਮੋਹਿ ਭਰੀ' ਪੀਲਾਵਾ ਅਹੰਕਾਰ ॥
ਮਜਲਸ ਕੂੜੇ ਲਬ ਕੀ, ਪੀ ਪੀ ਹੋਇ ਖੁਆਰੁ ॥
ਕਰਣੀ ਲਾਹਣਿ ਸਤੁ ਗੁੜੁ. ਸਚੁ ਸਰਾ ਕਰਿ ਸਾਰੁ ॥
ਗੁਣ ਮੰਡੇ ਕਰਿ ਸੀਲੁ ਘਿਉ, ਸਰਮੁ ਮਾਸੁ ਆਹਾਰੁ ॥
ਗੁਰਮੁਖਿ ਪਾਈਐ ਨਾਨਕਾ, ਖਾਧੈ ਜਾਹਿ ਬਿਕਾਰੁ ॥੧॥

ਮਰਦਾਨਾ—੧

ਕਾਇਆ ਲਾਹਣਿ ਆਪੁ ਮਦੁ. ਮਜਲਸ ਤ੍ਰਿਸਨਾ ਧਾਤੁ ॥
ਮਨਸਾ ਕਟੋਰੀ ਕੂੜਿ ਭਰੀ, ਪੀਲਾਏ ਜਮਕਾਲੁ ॥
ਇਤੁ ਮਦਿ ਪੀਤੈ ਨਾਨਕਾ, ਬਹੁਤੇ ਖਟੀਅਹਿ ਬਿਕਾਰ ॥
ਗਿਆਨੁ ਗੁੜੁ ਸਾਲਾਹ ਮੰਡੇ, ਭਉ ਮਾਸੁ ਆਹਾਰੁ ॥
ਨਾਨਕ ਇਹੁ ਭੋਜਨੁ ਸਚੁ ਹੈ, ਸਚੁ ਨਾਮੁ ਆਧਾਰੁ ॥੨॥
ਕਾਯਾ ਲਾਹਣਿ ਆਪੁ ਮਦੁ, ਅੰਮ੍ਰਿਤ ਤਿਸ ਕੀ ਧਾਰ ॥
ਸਤਸੰਗਤਿ ਸਿਉ ਮੇਲਾਪੁ ਹੋਇ, ਲਿਵ ਕਟੋਰੀ ਅੰਮ੍ਰਿਤ ਭਰੀ,
ਪੀ ਪੀ ਕਟਹਿ ਬਿਕਾਰ ॥੩॥[13]

ਇਸ ਤਰ੍ਹਾ ਮਰਦਾਨਾ ਪ੍ਰਤੀਕ ਹੈ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਦਾ ਸੰਗ ਸਾਥ ਦਾ, ਦੈਵੀ ਸੰਗੀਤ ਦਾ, ਮਰਦਾਨਗੀ ਤੇ ਨਿਰਭੈਤਾ ਦਾ ਜੋ ਉਸ ਨੂੰ ਗੁਰੂ ਬਾਬੇ ਦੀ ਸੰਗਤਿ ਤੋਂ ਪ੍ਰਾਪਤ ਹੋਈ। ਸੁਰਤ ਦਾ, ਆਤਮਾ ਦਾ ਤੇ ਗੁਰਬਾਣੀ ਦੇ ਅਲਾਪ ਦਾ, ਜਿਸ ਦਾ ਗੁਰਮਤਿ ਸਾਹਿਤ ਵਿਚ, ਸਿੱਖ ਇਤਿਹਾਸ ਵਿਚ ਤੇ ਸੰਸਾਰ-ਯਾਤਰਾ ਦੀ ਅਮਰ ਗਾਥਾ ਵਿਚ ਵਿਸ਼ੇਸ਼ ਮਹੱਤਵ-ਪੂਰਨ ਅਸਥਾਨ ਹੈ, ਜਿਸ ਨੂੰ ਕੋਈ ਵੀ ਗੁਰੂ ਬਾਬੇ ਦਾ ਅਨਯਾਈ ਅੱਖੋਂ ਓਹਲੇ ਨਹੀਂ

13. ਬਿਹਾਗੜੇ ਕੀ ਵਾਰ ਮ: ੪ (੫੫੩)